ਜੁਲਾਈ 1987
ਮੁੱਲ--ਦੋ ਰੁਪਏ
86

## ਇਸ ਅੰਕ ਵਿਚ :


- ਸੰਪਾਦਕੀ : ਫਿਰਕੂ ਦੰਗੇ ਬਨਾਮ ਧਾਰਮਕ ਮੂਲਵਾਦ ਬਨਾਮ ਭਾਰਤੀ ਸਟੇਟ
- ਸੰਪਾਦਕੀ ਟਿੱਪਣੀਆਂ : ਹਰਿਆਣਾ ਦੇ ਚੋਣ ਨਤੀਜੇ, ਕਰਜ਼ੇ ਦੇਣੇ, ਕਰਜ਼ੇ ਮੁਆਫ਼ ਕਰਨੇ ਵੀ ਇਕ ਸਿਆਸਤ ਹੈ, ਦੋ ਕਿਸਮ ਦੀਆਂ ਸਿਆਸਤਾਂ, ਲਾਲ ਸਿਆਸਤ ਦੀ ਹਨੇਰੀ, ਰਬੀਰੋ ਇਕ ਖ਼ਤਰਨਾਕ ਸੋਚ ਵਾਲਾ ਪੁਲਸ ਅਫ਼ਸਰ,
- ਮਾਲਵੇ ਦੀਆਂ ਸਰਗਰਮੀਆਂ ਦੀ ਇਕ ਰੀਪੋਰਟ
- ਨਾਟਕਕਾਰ ਗੁਰਸ਼ਰਨ ਸਿੰਘ ਪਲਸ ਮੰਚ ਤੇ ਮੌਜੂਦਾ ਸਥਿਤੀ/ਗੁਰਬਖਸ਼ ਜੱਸ
- ਪਾਠਕ ਲੇਖਕ ਫੋਰਮ : ਹਰਕੰਵਲ ਸਿੰਘ, ਸੁਖਦੇਵ, ਹਰਜੀਤ ਸਿੰਘ ਅਟਵਾਲ, ਹਰਪਾਲ ਸਿੰਘ, ਨਰਿੰਦਰ, ਸਜਿੰਦਰ ਸਿੰਘ ਢਿੱਲੋਂ, ਸਿੱਖ ਸੰਗਠਨਾਂ ਦੀ ਬਹਿਸ ਬਾਰੇ ਗੁਰਸ਼ਰਨ ਸਿੰਘ ਦੀ ਟਿੱਪਣੀ
- ਬੁਢਲਾਡਾ, ਮਾਨਸਾ ਅਤੇ ਰਾਮਪੁਰਾ ਫੂਲ ਵਿਚ ਇਨਕਲਾਬੀ ਕੇਂਦਰ ਦੀਆਂ ਕਾਨਫਰੰਸਾਂ ਦੀ ਇਕ ਰੀਪੋਰਟ
- ਨਾਟਕ ਕਲਾ ਕੇਂਦਰ ਚੋਹਲਾ ਸਾਹਿਬ ਵਲੋਂ ਸੰਪਾਦਕ ਵੱਲ ਇਕ ਚਿੱਠੀ


## ਸੰਪਾਦਕੀ : ਫਿਰਕੂ ਦੰਗੇ ਬਨਾਮ ਧਾਰਮਕ ਮੂਲਵਾਦ ਬਨਾਮ ਭਾਰਤੀ ਸਟੇਟ

ਪਿਛਲੇ ਦਿਨਾਂ ਵਿਚ ਮੇਰਠ ਅਤੇ ਦਿੱਲੀ ਵਿਚ ਜੋ ਫਿਰਕੂ ਦੰਗੇ ਹੋਏ ਹਨ, ਉਹਨਾਂ ਕੁਝ ਸਵਾਲ ਫੇਰ ਉਭਾਰ ਕੇ ਸਾਹਮਣੇ ਲਿਆਂਦੇ ਹਨ ਅਤੇ ਭਾਰਤ ਦੇ ਵਿਚ ਰਹਿਣ ਵਾਲੇ ਸੈਕੂਲਰ ਅਤੇ ਜਮਹੂਰੀ ਸੋਚ ਵਾਲੇ ਲੋਕਾਂ ਲਈ ਨਵੀਆਂ ਚੁਣੌਤੀਆਂ ਸਾਹਮਣੇ ਆਈਆਂ ਹਨ। ਇਹਨਾਂ ਚੁਣੌਤੀਆਂ ਦੇ ਪ੍ਰਸੰਗ ਵਿਚ ਅਸੀਂ ਦੋ ਲਿਖਤਾਂ ਇਥੇ ਦੇ ਰਹੇ ਹਾਂ। ਇਕ ਦਿੱਲੀ ਦੰਗਿਆਂ ਬਾਰੇ ਪੀ.ਯੂ.ਡੀ.ਆਰ. ਦੀ ਰੀਪੋਰਟ ਹੈ, ਜਿਸ ਨੂੰ 19 ਜੂਨ ਦੀ ਸਟੇਟਮੈਨ ਅਖਬਾਰ ਵਿਚ **'ਸਰਕਾਰ ਨੇ ਦਿੱਲੀ ਦੰਗਿਆਂ ਨੂੰ ਹਵਾ ਦਿਤੀ'** ਦੇ ਸਿਰਲੇਖ ਹੇਠ ਰਿਪੋਰਟ ਕੀਤਾ ਗਿਆ ਅਤੇ ਦੂਜੀ ਲਿਖਤ ਅਜ਼ਗਰ ਅਲੀ ਇੰਜੀਨੀਅਰ ਦੀ ਹੈ ਜੋ ਇੰਡੀਅਨ ਐਕਸਪ੍ਰੈਸ ਵਿਚ 22 ਜੂਨ ਦੇ ਅੰਕ ਵਿਚ ਆਈ ਹੈ ਜਿਸਦਾ ਸਿਰਲੇਖ ਹੈ, **'ਮੇਰਠ ਤੋਂ ਵਾਪਸੀ ਦੇ ਬਾਅਦ'**। ਪੀ.ਯੂ.ਡੀ.ਆਰ. ਦਿੱਲੀ ਦੀ ਉਹ ਸੰਸਥਾ ਹੈ ਜਿਸ ਦੀ ਅਗਵਾਈ ਵਿਚ 'ਦੋਸ਼ੀ ਕੌਣ' ਵਰਗੀਆਂ ਰਿਪੋਰਟਾਂ ਲਿਖੀਆਂ ਗਈਆਂ। ਅਸਗਰ ਅਲੀ ਇੰਜੀਨੀਅਰ ਸਾਡੇ ਉਹਨਾਂ ਬੁੱਧੀਜੀਵੀਆਂ ਵਿਚੋਂ ਹਨ ਜਿਨ੍ਹਾਂ ਨੇ ਦੇਸ਼ ਵਿਚ ਮਨੁੱਖੀ ਅਧਿਕਾਰਾਂ ਦੀ ਲਹਿਰ ਵਿਚ ਇਕ ਵਡਾ ਹਿਸਾਂ ਪਾਇਆ ਹੈ। ਉਹਨਾਂ ਨੇ ਅਖ਼ਬਾਰਾਂ ਵਿਚ ਲੇਖਾਂ ਦੁਆਰਾ, ਪੈਂਫਲਿਟਾਂ ਰਾਹੀਂ ਅਤੇ ਕਿਤਾਬਾਂ ਰਾਹੀਂ ਦੇਸ਼ ਵਿਚ ਹਮੇਸ਼ਾ ਇਕ ਸੈਕੂਲਰ ਆਵਾਜ਼ ਨੂੰ ਉਚਿਆਂ ਕੀਤਾ ਹੈ। ਆਪਣੇ ਫਿਰਕੇ ਦੇ ਮਜ਼ਹਬੀ ਮੂਲਵਾਦੀਆਂ ਨਾਲ ਉਹਨਾਂ ਦੀ ਹਮੇਸ਼ਾ ਟੱਕਰ ਰਹੀ ਹੈ। ਉਹ ਜੇਕਰ ਦੇਸ਼ ਵਿਚ ਉਠ ਰਹੇ ਹਿੰਦੂ ਸ਼ਾਵਨਵਾਦੀਆਂ ਦੇ ਵਿਰੁਧ ਆਵਾਜ਼ ਉਠਾਂਦੇ ਹਨ ਤਾਂ ਆਪਣੇ ਫਿਰਕੇ ਦੇ ਮੌਲਾਣਿਆਂ ਦੀ ਮਨੁੱਖ ਦੋਖੀ ਭੂਮਿਕਾ ਬਾਰੇ ਵੀ ਚੁੱਪ ਨਹੀਂ ਰਹਿੰਦੇ। ਉਹ ਸਮਝਦੇ ਹਨ ਕਿ ਮੂਲਵਾਦੀ ਕਦਰਾਂ-ਕੀਮਤਾਂ ਦਾ ਪੁਨਰ ਜਨਮ ਅਤੇ ਪੁਨਰ ਗਠਨ ਮਨੁਖ ਦੀ ਸੂਝ ਵਿਚ ਹੋਈ ਤਰੱਕੀ ਦੇ ਅਮਲ ਵਿਚ ਉਲਟ ਚੱਕਰ ਚਲਾਉਣ ਦੇ ਬਰਾਬਰ ਹੈ।

ਪੀ.ਯੂ.ਡੀ.ਆਰ. ਦੀ ਰੀਪੋਰਟ ਦਾ ਸਾਰੰਸ਼ ਹੈ : ਜਿਸ ਤਰਾਂ ਇਕ ਗੱਲ ਸਾਰੇ ਫਿਰਕੂ ਦੰਗਿਆਂ ਉਤੇ ਲਾਗੂ ਹੁੰਦੀ ਹੈ, ਉਹ ਗੱਲ ਦਿੱਲੀ ਦੇ ਦੰਗਿਆਂ ਉਤੇ ਵੀ ਲਾਗੂ ਹੁੰਦੀ ਹੈ। ਇਸ ਅਨੁਸਾਰ ਇਸ ਪੱਖ ਓਤੇ ਜ਼ੋਰ ਦੇਣਾ ਠੀਕ ਨਹੀਂ ਕਿ ਇਹ ਦੰਗੇ ਸ਼ੁਰੂ ਕਿਸਤਰਾਂ ਹੋਏ, ਵੱਡਾ ਪੱਖ ਇਹ ਦੇਖਣਾ ਹੁੰਦਾ ਹੈ ਕਿ ਦੰਗੇ ਸ਼ੁਰੂ ਕਿਉਂ ਹੋਏ। ਸਾਡੇ ਵਿਚਾਰ ਵਿਚ ਫਿਰਕੂ ਨਫਰਤ ਫੈਲਾਉਣ ਵਿਚ, ਦੰਗਿਆਂ ਨੂੰ ਹਵਾ ਦੇਣ ਵਿਚ ਅਤੇ ਸਰਕਾਰੀ ਜਬਰ ਮਸ਼ੀਨਰੀ ਨੂੰ ਇਕ ਫ਼ਿਰਕੇ ਦੇ ਵਿਰੁੱਧ ਵਰਤਣ ਲਈ ਭਾਰਤ ਦੀ ਕੇਂਦਰੀ ਸਟੇਟ ਪੂਰੀ ਤਰ੍ਹਾਂ ਗੁਨਾਹਗਾਰ ਹੈ। ਇਸ ਵਾਰ ਇਹ ਮੁਸਲਮਾਨ ਫਿਰਕਾ ਹੈ ਜਿਸੰ ਉਤੇ ਸਟੇਟ ਦੀ ਮਸ਼ੀਨਰੀ ਦਾ ਕਹਿਰ ਡਿਗਿਆ ਹੈ ਅਤੇ ਸਾਡਾ ਵਿਚਾਰ ਹੈ ਕਿ ਦਾਅਵੇ ਭਾਵੇਂ ਧਰਮ ਨਿਰਪੇਖਤਾ ਦੇ ਹੋਣ, ਇਸ ਵੇਲੇ ਕੇਂਦਰੀ ਭਾਰਤੀ ਸਟੇਟ ਇਕ ਹਿੰਦੂ ਸਟੇਟ ਵਾਕੁਨ ਹੀ ਵਿਚਰ ਰਹੀ ਹੈ। ਕਾਂਗਰਸ ਪਾਰਟੀ ਜਿਹੜੀ ਕਿਸੇ ਵੇਲੇ ਇਕ ਧਰਮ ਨਿਰਪੇਖਤਾ ਦੇ ਚਰਿਤਰ ਵਾਲੀ ਪਾਰਟੀ ਸੀ, ਹੁਣ ਆਪਣਾ ਉਹ ਚਰਿਤਰ ਬਿਲਕੁਲ ਗਵਾ ਚੁੱਕੀ ਹੈ। ਇਹਦੇ ਥਲਵੇਂ ਯੂਨਿਟਾਂ ਵਿਚ ਪੂਰੀ ਤਰਾਂ 'ਹਿੰਦੂ ਗੁੰਡਾ ਅਨਸਰ' ਹਾਵੀ ਹੋ ਗਿਆ ਹੈ। ਵੋਟਾਂ ਦੀ ਗਿਣਤੀ ਮਿਣਤੀ ਕਰਕੇ ਉਪਰਲੀ ਲੀਡਰਸ਼ਿਪ ਇਹਨਾਂ ਦੀਆਂ ਕਾਰਵਾਈਆਂ ਬਾਰੇ ਬਿਲਕੁਲ ਚੁੱਪ ਰਹਿੰਦੀ ਹੈ ਜਾਂ ਕਹਿ ਲਵੋ ਉਹਨਾਂ ਨੂੰ ਸ਼ਹਿ ਵੀ ਦੇਂਦੀ ਹੈ। ਸਟੇਟ ਮਸ਼ੀਨਰੀ ਹਿੰਦੂ ਸ਼ਾਵਨਵਾਦੀਆਂ ਦੇ ਹੱਕ ਵਿਚ ਭੁਗਤਦੀ ਹੈ, ਇਹ ਇਸ ਗੱਲ ਤੋਂ ਸਾਫ ਹੋ ਜਾਂਦਾ ਹੈ ਕਿ ਦੰਗਿਆਂ ਵਿਚ ਮਰਨ ਵਾਲੇ ਹਿੰਦੂ ਛੁਰਿਆਂ ਅਤੇ ਚਾਕੂਆਂ ਦੇ ਜ਼ਖਮਾਂ ਨਾਲ ਮਰੇ ਹਨ, ਜਦੋਂ ਕਿ ਮੁਸਲਮਾਨ ਮਰਨ ਵਾਲੇ ਗੋਲੀਆਂ ਨਾਲ ਮਰੇ ਹਨ ਅਤੇ ਅਤੇ ਇਹ ਗੋਲੀਆਂ ਪੁਲਸ ਵਲੋਂ ਚਲਾਈਆਂ ਗਈਆਂ ਹਨ। ਇਹ ਪੱਖਵਾਦੀ ਪਹੁੰਚ ਅਪਣਾਉਣ ਲਈ ਕਿਸੇ ਵੀ ਅਧਿਕਾਰੀ ਵਿਰੁਧ ਕੋਈ ਐਕਸ਼ਨ ਨਹੀਂ ਲਿਆ ਗਿਆ, ਇਕ ਹੋਰ ਗੱਲ ਜਿਹੜੀ ਭਾਰਤੀ ਕੇਂਦਰੀ ਸਟੇਟ ਨੂੰ ਇਕ ਹਿੰਦੂ ਸਟੇਟ ਸਾਬਤ ਕਰਦੀ ਹੈ, ਉਹ ਇਹ ਹੈ ਕਿ ਦੰਗਿਆਂ ਤੋਂ ਕੁਝ ਦਿਨ ਪਹਿਲਾਂ ਨਈ ਸੜਕ ਦੇ ਖੇਤਰ ਵਿਚ ਇਕ ਸਕੂਟਰ ਜਿਸ ਉਤੇ ਧੂਤੂ ਲੱਗਾ ਹੋਇਆ ਸੀ, ਇਹ ਭੜਕਾਹਟ ਵਰਗੇ ਨਾਅਰੇ ਲਗਾ ਰਿਹਾ ਸੀ, 'ਅਬ ਕੀ ਈਦ ਹੋਗੀ ਕੈਸੀ, ਜੋ ਮੁਰਾਦਾਬਾਦ ਮੇਂ ਹੂਈ, ਹੋਗੀ ਵੈਸੀ'' 'ਜੋ ਮਾਂਗੇਗਾ ਬਾਬਰੀ, ਉਸਕਾ ਵਕਤ ਹੋਗਾ ਆਖਰੀ'। ਇਹ ਭੜਕਾਹਟ ਫੈਲਾਉਣ ਵਾਲੇ ਵਿਅਕਤੀ ਜਾਂ ਇਹਦੇ ਪਿਛੇ ਜਿਹੜੀ ਸੰਸਥਾ ਕੰਮ ਕਰ ਰਹੀ ਹੈ, ਉਹਦੇ ਵਿਰੁਧ ਕੋਈ ਐਕਸ਼ਨ ਕਿਉਂ ਨਹੀਂ ਲਿਆ ਗਿਆ ? ਇਹ ਸਿਧੇ ਸਵਾਲ ਹਨ, ਜਿਨ੍ਹਾਂ ਦਾ ਦਿੱਲੀ ਦੇ ਅਧਿਕਾਰੀਆਂ ਕੋਲ ਕੋਈ ਜਵਾਬ ਨਹੀਂ। ਪੀ.ਯੂ.ਡੀ.ਆਰ. ਦੀ ਰੀਪੋਰਟ ਦਿੱਲੀ ਦੇ ਇਮਾਮ ਦੀਆਂ ਤਕਰੀਰਾਂ ਦਾ ਵੀ ਅਤੇ ਪ੍ਰਧਾਨ ਮੰਤਰੀ ਵਲੋਂ ਦਿੱਲੀ ਬੋਟ ਕਲੱਬ ਵਿਚ ਕੀਤੀ 'ਨਾਨੀ ਯਾਦ ਕਰਵਾ ਦੇਂਗੇ' ਦਾ ਵੀ ਜ਼ਿਕਰ ਕੀਤਾ ਹੈ, ਜੋ ਦੰਗੇ ਭੜਕਾਉਣ ਵਿਚ ਮਦਦਗਾਰ ਸਾਬਤ ਹੋਏ। ਭਾਵੇਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਰਿਪੋਰਟ ਵਿਚ ਇਮਾਮ ਦੀਆਂ ਤਕਰੀਰਾਂ ਦਾ ਉਹ ਨੋਟਿਸ ਨਹੀਂ ਲਿਆ ਗਿਆ ਜੋ ਲੈਣਾ ਬਣਦਾ ਸੀ।

ਅਸਗਰ ਅਲੀ ਦੇ ਲੇਖ ਦਾ ਸਾਰੰਸ਼ ਹੈ : ਮੈਂ ਹੁਣੇ ਹੀ ਮੇਰਠ ਤੋਂ ਵਾਪਸ ਆਇਆ ਹਾਂ। ਇਹ ਜੋ ਮੈਂ ਲਿਖ ਰਿਹਾ ਹਾਂ। ਜੋ ਕੁਝ ਮੈਂ ਦੇਖਿਆ ਸੁਣਿਆ, ਉਸ ਉਤੇ ਯਕੀਨ ਕਰਨਾ ਔਖਾ ਹੋ ਸਕਦਾ ਹੈ ਪਰ ਯਕੀਨ ਕਰਨਾ ਪੈਂਦਾ ਹੈ ਕਿਉਂਕਿ ਇਹ ਸੱਚ ਹੈ। ਜੋ ਕੁਝ ਮੇਰਠ ਹੋਇਆ, ਉਹਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਮਨੁੱਖ ਕਹਿਲਵਾਉਣ ਦੇ ਯੋਗ ਨਹੀਂ। ਕਿਹਾ ਜਾਂਦਾ ਹੈ ਕਿ ਇਹ ਦੇਸ਼ ਗੌਤਮ, ਕਬੀਰ, ਨਾਨਕ ਦਾ ਦੇਸ਼ ਹੈ, ਜਿਥੇ ਅਹਿੰਸਾ ਤੇ ਆਪਸੀ ਸਦਭਾਵਨਾ ਇਕ ਮੰਨਿਆ ਹੋਇਆ ਫਲਸਫਾ ਹੈ, ਪਰ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਫਲਸਫੇ ਦੀ ਇਸ ਦੇਸ਼ ਵਿਚ ਪੂਰੀ ਤਰਾਂ ਮੌਤ ਹੋ ਚੁਕੀ ਹੈ ਤੇ ਇਹਦੇ ਨਾਲ ਕਿਸੇ ਮਸਲੇ ਵਲ ਨਿਰਪੱਖ ਹੋ ਕੇ ਸੋਚਣ ਦੀ ਰੁਚੀ ਦੀ ਵੀ ਮੌਤ ਹੋ ਗਈ ਹੈ। ਮੇਰਠ ਵਿਚ ਮੁਸਲਮਾਨ ਵੀ ਮਾਰੇ ਗਏ ਹਨ, ਹਿੰਦੂ ਵੀ ਮਾਰੇ ਗਏ ਹਨ, ਪੂਰੀ ਬੇਰਹਿਮੀ ਨਾਲ ਮਾਰੇ ਗਏ ਹਨ। ਫ਼ਿਰਕੂ ਜਨੂੰਨ ਦੇ ਅਸਰ ਥਲੇ ਮਾਰੇ ਗਏ ਹਨ ਅਤੇ ਇਹ ਵੀ ਸੱਚ ਹੈ ਅਤੇ ਇਹ ਫਿਕਰ ਵਾਲੀ ਗੱਲ ਹੈ ਕਿ ਯੂ.ਪੀ. ਦੀ ਪੀ.ਏ.ਸੀ. (ਪ੍ਰਦੇਸ਼ਕ ਹਥਿਆਰਬੰਦ ਪੁਲਸ) ਨੇ ਸਿਰਫ ਮੁਸਲਮਾਨਾਂ ਨੂੰ ਹੀ ਆਪਣੇ ਕਹਿਰ ਦਾ ਨਿਸ਼ਾਨਾ ਬਣਾਇਆ ਹੈ। ਫਿਰਕੂ ਜਨੂੰਨ ਮਨੁਖ ਨੂੰ ਅੰਨ੍ਹਿਆਂ ਕਰ ਦੇਣ ਵਾਲਾ ਅਮਲ ਹੈ ਤੇ ਇਸ ਦੇ ਵਿਰੁਧ ਇਕ ਜੰਗੀ ਪੱਧਰ ਤੇ ਕਾਰਵਾਈ ਹੋਣੀ ਚਾਹੀਦੀ ਹੈ। ਜਿਸ ਮਸਲੇ ਬਾਰੇ ਜਜ਼ਬਾਤ ਭੜਕਾਏ ਗਏ ਹਨ, ਉਹ ਬਾਬਰੀ ਮਸਜਿਦ ਅਤੇ ਰਾਮ ਜਨਮ ਭੂਮੀ ਦਾ ਮਸਲਾ ਹੈ। ਮੈਂ ਹਿੰਦੂਆਂ ਨਾਲ ਵੀ ਗੱਲ ਕੀਤੀ ਹੈ, ਮੁਸਲਮਾਨਾਂ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਅਤੇ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾ: ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾਚੰਦਾ: 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

ਨਾਲ ਵੀ ਕੀਤੀ ਹੈ। ਹਿੰਦੂ ਪੂਰੀ ਤਰਾਂ ਦੰਗੇ ਸ਼ੁਰੂ ਕਰਨ ਲਈ ਮੁਸਲਮਾਨਾਂ ਉਤੇ ਇਲਜ਼ਾਮ ਦੇਂਦੇ ਹਨ ਅਤੇ ਬਾਬਰੀ ਮਸਜਿਦ ਐਕਸ਼ਨ ਕਮੇਟੀ ਉਤੇ ਉਂਗਲ ਰਖਦੇ ਹਨ। ਮੁਸਲਮਾਨ ਹਿੰਦੂ ਵਿਸ਼ਵ ਪ੍ਰੀਸ਼ਦ ਉਤੇ ਇਲਜ਼ਾਮ ਦੇਂਦੇ ਹਨ। ਮੈਂ ਉਹਨਾਂ ਉਤੇ ਜਦੋਂ ਇਹ ਸਵਾਲ ਕੀਤਾ ਕਿ ਕੀ ਇਹ ਮਸਲੇ ਵਾਕਈ ਜ਼ਿੰਦਗੀ ਮੌਤ ਦੇ ਮਸਲੇ ਹਨ ? ਤਾਂ ਉਹ ਬਹੁਤੀ ਵਾਰੀ ਚੁਪ ਰਹੇ। ਮੈਂ ਉਹਨਾਂ ਨੂੰ ਇਹ ਵੀ ਕਿਹਾ ਜਦੋਂ ਪਾਕਿਸਤਾਨ ਬਣਿਆ ਤਾਂ ਪਾਕਿਸਤਾਨ ਵਿਚ ਰਹਿ ਗਏ ਹਜ਼ਾਰਾਂ ਮੰਦਰ ਗੁਰਦੁਆਰੇ ਮਸਜਿਦਾਂ ਵਿਚ ਬਦਲ ਗਏ ਅਤੇ ਇਸੇ ਤਰਾਂ ਪੂਰਬੀ ਪੰਜਾਬ ਵਿਚੋਂ ਮਸ-ਜਿਦਾਂ ਮੰਦਰ ਤੇ ਗੁਰਦੁਆਰਿਆਂ ਵਿਚ ਬਦਲ ਗਈਆਂ। ਕੀ ਕੋਈ ਕੁਝ ਕਰ ਸਕਿਆ ? ਸਾਫ ਜਵਾਬ ਹੈ, ਨਹੀਂ। ਜਿਥੇ ਪਾਕਿਸਤਾਨ ਬਣਨ ਵੇਲੇ ਹਜ਼ਾਰਾਂ ਮਨੁਖੀ ਜਾਨਾਂ ਦਾ ਨੁਕਸਾਨ ਹੋਇਆ, ਉਥੇ ਇਸ ਧਾਰਮਕ ਅਸਥਾਨ ਬਾਰੇ ਵੀ ਇਤਿਹਾਸਕ ਪ੍ਰਸੰਗ ਵਿਚ ਹੀ ਸੋਚਿਆ ਜਾਣਾ ਚਾਹੀਦਾ ਹੈ। ਇਸ ਤਰਾਂ, ਇਤਿਹਾਸ ਵਿਚ ਜਿਥੇ ਕਦੀ ਕੋਈ ਰਾਮ ਜਨਮ ਭੂਮੀ ਮੰਦਰ ਹੁੰਦਾ ਹੋਣਾ ਹੈ ਉਥੇ ਬਾਬਰੀ ਮਸਜਿਦ ਬਣ ਗਈ। ਹੁਣ ਇਤਿਹਾਸ ਦੀ ਲੋੜ ਹੈ ਕਿ ਨਾ ਉਥੇ ਮਸਜਿਦ ਰਹੇ ਤੇ ਨਾ ਹੀ ਮੰਦਰ ਰਹੇ। ਹਜ਼ਾਰਾਂ ਮੰਦਰ ਅਤੇ ਮਸਜਿਦਾਂ ਦੇਸ਼ ਵਿਚ ਹਨ, ਜੇ ਗਿਣਤੀ ਵਿਚ ਇਕ ਮੰਦਰ ਜਾਂ ਇਕ ਮਸਜਿਦ ਘਟ ਵੀ ਜਾਏ ਤਾਂ ਕੋਈ ਫਰਕ ਨਹੀਂ ਪੈਂਦਾ। ਉਥੇ ਇਕ ਸਾਂਝੀ ਯਾਦਗਾਰ ਬਣਾ ਕੇ ਮਾਮਲਾ ਠੱਪ ਕਿਉਂ ਨਹੀਂ ਕਰ ਦਿਤਾ ਜਾਂਦਾ ? ਕੀ ਮਨੁੱਖੀ ਖੂਨ ਦੀ ਸਾਡੇ ਦਿਲਾਂ ਵਿਚ ਕੋਈ ਕੀਮਤ ਨਹੀਂ ? ਹਲ ਹਰ ਇਕ ਗੱਲ ਦਾ ਲਭਿਆ ਜਾ ਸਕਦਾ ਹੈ ਪਰ ਭਾਰਤੀ ਸਟੇਟ ਇਸ ਦਾ ਹੱਲ ਜਾਣ ਬੁਝ ਕੇ ਲਭਣਾ ਨਹੀਂ ਚਾਹੁੰਦੀ। ਫਿਰਕੂ ਸ਼ਾਵਨਵਾਦ ਇਕ ਐਸਾ ਹਥਿਆਰ ਹੈ, ਜਿਸਨੂੰ ਭਾਰਤੀ ਸਟੇਟ ਲੋਕਾਂ ਵਿਚ ਫੁੱਟ ਪਾਉਣ ਲਈ ਕਾਰੀਗਰੀ ਨਾਲ ਵਰਤ ਰਹੀ ਹੈ। ਔਰਤਾਂ ਦੇ ਹੱਕਾਂ ਬਾਰੇ ਬਿਲ ਵਿਚ ਜਿਸ ਤਰਾਂ ਰਾਜੀਵ ਗਾਂਧੀ ਨੇ ਮੁਸਲਮਾਨ ਮੌਲਾਣਿਆਂ ਦਾ ਪੱਖ ਲਿਆ, ਉਹ ਇਕ ਮਿਸਾਲ ਹੈ, ਜਿਸ ਵਿਚ ਭਾਰਤੀ ਸਟੇਟ ਨੇ ਮੁਸਲਮਾਨੀ ਮੂਲਵਾਦ ਨੂੰ ਪੱਠੇ ਪਾਏ। ਮੇਰਠ ਫਸਾਦਾਂ ਲਈ ਫਿਰਕੂ ਨਫਰਤ ਅਤੇ ਭਾਰਤੀ ਸਟੇਟ ਦੋਨੋਂ ਜ਼ਿੰਮੇਵਾਰ ਹਨ।

ਪੀ.ਯੂ.ਡੀ.ਆਰ ਦੀ ਰੀਪੋਰਟ ਅਤੇ ਅਸਗਰ ਅਲੀ ਦੇ ਲੇਖ ਤੋਂ ਸਾਫ ਹੈ ਕਿ ਧਾਰਮਿਕ ਮੂਲਵਾਦੀ ਸ਼ਕਤੀਆਂ ਅਤੇ ਕਾਨੂੰਨ ਲਾਗੂ ਕਰਨ ਵਾਲੀ ਮਸ਼ੀਨਰੀ ਸਮੁੱਚੇ ਭਾਰਤੀ ਲੋਕਾਂ ਦੀ ਮੁਖ ਦੁਸ਼ਮਣ ਸ਼ਕਤੀਆਂ ਹੋ ਕੇ ਉਭਰ ਰਹੀਆਂ ਹਨ। ਧਾਰਮਕ ਮੂਲਵਾਦ ਭਾਵੇਂ ਕਿਸੇ ਵੀ ਧਾਰਮਿਕ ਗਰੁੱਪ ਵਲੋਂ ਆਉਂਦਾ ਹੈ, ਉਸਨੂੰ ਮਨੁੱਖ ਦੋਖੀ ਕਰਾਰ ਦੇ ਕੇ ਉਹਦੇ ਵਿਰੁੱਧ ਸੰਘਰਸ਼ ਕੀਤਾ ਜਾਣਾ ਚਾਹੀਦਾ ਹੈ। ਕਿਸੇ ਗਿਣਤੀ ਮਿਣਤੀ ਵਿਚ ਨਾ ਪਿਆ ਜਾਏ ਕਿ ਪਹਿਲਾਂ ਇਸ ਮੂਲ-ਵਾਦ ਦੀ ਗੱਲ ਕਿਸਨੇ ਸ਼ੁਰੂ ਕੀਤੀ। ਸਪੱਸ਼ਟ ਸ਼ਬਦਾਂ ਵਿਚ ਗਲਤ ਨੂੰ ਗਲਤ ਕਿਹਾ ਜਾਏ। ਕੋਈ ਵੀ ਅਗਰ ਵਗਰ ਦਾ ਵਿਸ਼ਲੇਸ਼ਣ ਇਹਨਾਂ ਹਾਲਤਾਂ ਵਿਚ ਨਾ ਵਰਤਿਆ ਜਾਏ। ਮਸਜਿਦਾਂ ਵਿਚ ਛੁਰੇ ਚਾਕੂ ਜਮਾਂ ਕਰਨੇ ਉਨੇ ਹੀ ਗੁਨਾਹ ਹਨ, ਜਿੰਨੇ ਮੰਦਰਾਂ ਵਿਚ ਤ੍ਰਿਸ਼ੂਲ ਜਮਾਂ ਕਰਨੇ। ਇਹ ਸਭ ਕੁਝ ਸਵੈ-ਰਖਿਆ ਦੇ ਨਾਅਰੇ ਥਲੇ ਕੀਤਾ ਜਾਂਦਾ ਹੈ। ਇਹਦੇ ਨਾਲ ਰਾਖੀ ਕਿਸੇ ਦੀ ਨਹੀਂ ਹੁੰਦੀ, ਸਗੋਂ ਨੁਕਸਾਨ ਹੀ ਬਹੁਤਾ ਹੁੰਦਾ ਹੈ। ਸਾਰਾ ਜ਼ੋਰ ਇਸ ਮੰਗ ਤੇ ਲਾਇਆ ਜਾਣਾ ਚਾਹੀਦਾ ਹੈ, 'ਜਿਹੜੀ ਸਟੇਟ ਆਪਣੇ ਸ਼ਹਿਰੀਆਂ ਦੀ ਰਾਖੀ ਨਹੀਂ ਕਰ ਸਕਦੀ, ਉਸ ਸਟੇਟ ਦਾ ਕਾਇਮ ਰਹਿਣ ਦਾ ਕੋਈ ਹੱਕ ਨਹੀਂ। ਇਕ ਜ਼ਬਰਦਸਤ ਸੰਘਰਸ਼ ਇਸ ਗੱਲ ਲਈ ਲਾਮਬੰਦ ਕੀਤਾ ਜਾਏ ਕਿ ਪੁਲਸ ਅਤੇ ਨੀਮ ਫੌਜੀ ਸੰਸਥਾਵਾਂ ਵਿਚ ਸਾਰੇ ਧਰਮਾਂ ਨਾਲ ਸਬੰਧਤ ਲੋਕਾਂ ਨੂੰ ਭਰਤੀ ਕੀਤਾ ਜਾਏ। ਘੱਟ ਗਿਣਤੀਆਂ ਦੇ ਧਾਰਮਕ ਫਿਰਕਿਆਂ ਦੀ ਭਰਤੀ ਸਗੋਂ ਬਹੁਤੀ ਕੀਤੀ ਜਾਏ ਤਾਂ ਜੋ ਇਹਨਾਂ ਸੰਸਥਾਵਾਂ ਦੀ ਪੱਖਵਾਦੀ ਭੂਮਿਕਾ ਨੂੰ ਖਤਮ ਕੀਤਾ ਜਾ ਸਕੇ। ਵਡੀ ਗਿਣਤੀ ਵਿਚ ਹੁਣ ਵੱਖ ਵੱਖ ਸੂਬਿਆਂ ਵਿਚ ਗੈਰ ਕਾਂਗਰਸੀ ਹਕੂਮਤਾਂ ਬਣੀਆ ਹੋਈਆਂ ਹਨ, ਜੇ ਉਹ ਉਪਰਲੀਆਂ ਗਲਾਂ ਦੀ ਮੰਗ ਕਰਨ ਤਾਂ ਕੇਂਦਰੀ ਸਟੇਟ ਵਲੋਂ ਤਾਨਾਸ਼ਾਹੀ ਚੁਲਾਉਣੀ ਕੋਈ ਸੌਖਾ ਕੰਮ ਨਹੀਂ ਹੋਏਗਾ। ਇਕ ਗਲ ਮੈਂ ਆਪਣੇ ਵਲੋਂ ਫੇਰ ਜ਼ੋਰ ਦੇ ਕੇ ਦੁਹਰਾਨਾ ਚਾਹੁੰਦਾਂ ਹਾਂ ਕਿ ਕੇਂਦਰ ਵਿਚ ਹਾਵੀ ਸਾਵਨਵਾਦ ਦਾ ਮੁਕਾਬਲਾ ਸਿਰਫ ਜਮਹੂਰੀ ਪੈਂਤੜੇ ਤੋਂ ਹੀ ਕੀਤਾ ਜਾ ਸਕਦਾ ਹੈ। ਘੱਟ ਗਿਣਤੀ ਦੇ ਸ਼ਾਵਨਵਾਦੀ ਪੈਂਤੜੇ ਤੋਂ ਨਹੀਂ ਕੀਤਾ ਜਾ ਸਕਦਾ। ਪੰਜਾਬ ਦਾ ਪਿਛਲੇ ਅੱਠ ਸਾਲਾਂ ਦਾ ਤਜਰਬਾ, 1984 ਦੇ ਦਿੱਲੀ ਦੰਗੇ, ਮੇਰਠ ਦਿੱਲੀ ਤੇ ਹੋਰਨਾਂ ਥਾਵਾਂ ਦੇ ਫਿਰਕੂ ਫਸਾਦ ਸਾਡੇ ਲਈ ਇਹੀ ਸਬਕ ਕੱਢਦੇ ਹਨ। ਸਭ ਫਿਰਕਿਆਂ ਨਾਲ ਸਬੰਧਤ ਜਮਹੂਰੀ ਤਾਕਤਾਂ ਦਾ ਏਕਾ ਸਭ ਤੋਂ ਵਡੀ ਲੋੜ ਹੈ/ਗੁਰਸ਼ਰਨ ਸਿੰਘ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਨਵੀਆਂ ਕਿਤਾਬਾਂ
ਕਾਲੇ ਸਮਿਆਂ ਦੇ ਨਾਲ / ਹਮਦਰਦਵੀਰ ਨੌਸ਼ਹਿਰਵੀ o ਇਕ ਮੁਰਦਾ ਹੋਰ / ਜਗਰੂਪ ਸਿੰਘ ਰੂਪ
ਅੱਗ ਦੇ ਬੀਜ / ਮਿੱਤਰ ਸੈਨ ਮੀਤ

## ਸੰਪਾਦਕੀ ਟਿਪਣੀਆਂ

○ **ਹਰਿਆਣਾ ਦੇ ਚੋਣ ਨਤੀਜਿਆਂ** ਨੇ ਭਾਰਤ ਦੇ ਸਿਆਸੀ ਹੱਲਕਿਆਂ ਵਿਚ ਕਾਫ਼ੀ ਉੱਥਲ ਪੁੱਥਲ ਲਿਆਂਦੀ ਹੈ। ਕਾਂਗਰਸ ਪਾਰਟੀ ਦੀ ਹਾਰ ਅਸਲ ਵਿਚ ਰਾਜੀਵ ਗਾਂਧੀ ਦੀਆਂ ਨੀਤੀਆਂ ਦੀ ਹਾਰ ਹੈ ਤੇ ਇਥੋਂ ਤਕ ਵੀ ਕਿਹਾ ਜਾ ਸਕਦਾ ਹੈ ਕਿ ਇਹ ਰਾਜੀਵ ਗਾਂਧੀ ਦੇ ਮੂੰਹ ਤੇ ਚਪੇੜ ਹੈ। ਜਿਸ ਭੱਦੇ ਤਰੀਕੇ ਨਾਲ ਉਹਨੇ ਫਰੀਦਾਬਾਦ ਵਿਚ ਹਰਿਆਣਾ ਦੀ ਅਲੈਕਸ਼ਨ ਮੁਹਿੰਮ ਸ਼ੁਰੂ ਕੀਤੀ ਉਹ ਕਦੀ ਵੀ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਸੋਭਦੀ ਨਹੀਂ ਸੀ। ਉਹਨੇ ਸਾਫ ਹੀ ਇਹ ਕਿਹਾ ਕਿ ਹਰਿਆਣਾ ਨੂੰ ਖੁਸ਼ ਕਰਨ ਲਈ ਉਹਨੇ ਪੰਜਾਬ ਨਾਲ ਹਰ ਜ਼ਿਆਦਤੀ ਕੀਤੀ ਹੈ। ਹੋਰ ਵੀ ਕਈ ਘਟੀਆ ਗਲਾਂ ਕੀਤੀਆਂ ਜਿਹਨਾਂ ਨੂੰ ਸਟੰਟਬਾਜ਼ੀ ਦੇ ਸਿਵਾ ਹੋਰ ਕੋਈ ਨਾਂਅ ਨਹੀਂ ਦਿੱਤਾ ਜਾ ਸਕਦਾ। ਅਖਬਾਰਾਂ ਵਿਚ ਜਿਹੜੇ ਕਾਰਟੂਨ ਆਏ ਹਨ, ਉਹਨਾਂ ਨੇ ਵੀ ਰਾਜੀਵ ਗਾਂਧੀ ਦਾ ਚੰਗਾ ਮੌਜੂ ਬਣਾਇਆ ਹੈ। ਇਕ ਕਾਰਟੂਨ ਵਿਚ ਤਾਂ ਰਾਜੀਵ ਗਾਂਧੀ ਨੂੰ ਹਰਿਆਣਾ ਵੋਟਰਾਂ ਵਲੋਂ ਸਿੱਧੀ ਚਪੇੜ ਪੈਂਦੀ ਦਿਖਾਈ ਗਈ ਹੈ। ਇਕ ਹੋਰ ਕਾਰਟੂਨ ਵਿਚ ਉਹਦੇ ਗੰਜੇ ਸਿਰ ਤੇ ਸਿਰਫ ਦਰਮਿਆਨ ਵਿਚ ਹੀ ਵਾਲ ਦਿਖਾਏ ਗਏ ਹਨ। ਬਾਕੀ ਸਭ ਝੜ ਗਏ ਹਨ। ਇਹ ਦਸਦੇ ਹਨ ਕਿ ਹੁਣ ਸਿਰਫ ਭਾਰਤ ਦੇ ਦਰਮਿਆਨੇ ਹਿੱਸੇ ਵਿਚ ਹੀ ਉਹਦੀ ਹਕੂਮਤ ਰਹਿ ਗਈ। ਕਾਰਟੂਨ ਦਾ ਸਿਰਲੇਖ ਸੀ 'ਸ੍ਰੀ ਮਾਨ ਜੀ, ਕਿਹੜਾ ਤੇਲ ਲਗਾਉਂਦੇ ਹੋ ਹੁਣ ਤਾਂ ਵਾਲ ਸਿਰਫ ਗੱਭੇ ਹੀ ਰਹਿ ਗਏ ਹਨ। ਇਕ ਹੋਰ ਕਾਰਟੂਨ ਵਿਚ ਹਰਿਆਣਾ ਦੀ ਚੋਣਾ ਵਿਚ ਹਾਰ ਵੀ ਬਦੇਸ਼ੀ ਏਜੰਟਾਂ ਦੀ ਚਾਲ ਗਰਦਾਨੀ ਗਈ ਹੈ ਇਹ ਇਸ ਗਲ ਦਾ ਮਜ਼ਾਕ ਹੈ ਕਿ ਰਾਜੀਵ ਗਾਂਧੀ ਆਪਣੀ ਹਰ ਨਲਾਇਕੀ ਨੂੰ ਬਦੇਸ਼ੀ ਏਜੰਟਾਂ ਦੀ ਚਾਲ ਦਾ ਪੱਜ ਪਾ ਕੇ ਛੁਪਾਂਦਾ ਹੈ। ਸਾਰੇ ਦੇਸ਼ ਵਿਚ ਇਸ ਹਾਰ ਉਤੇ ਖੁਸ਼ੀ ਮਨਾਈ ਗਈ ਹੈ। ਇਹ ਕਿਹਾ ਜਾ ਸਕਦੈ ਜਦੋਂ ਪੰਜਾਬ ਵਿਚ ਬਰਨਾਲਾ ਸਰਕਾਰ ਬਰਖਾਸਤ ਕੀਤੀ ਗਈ ਸੀ ਤਾਂ ਕਿਸੇ ਨੇ ਅਫਸੋਸ ਵਿਚ ਇਕ ਅੱਥਰੂ ਵੀ ਨਹੀਂ ਡੇਗਿਆ ਸੀ, ਜੇ ਰਾਜੀਵ ਗਾਂਧੀ ਦੀ ਭਾਰਤੀ ਸਰਕਾਰ ਕਿਸੇ ਤਰ੍ਹਾਂ ਬਰਖਾਸਤ ਕੀਤੀ ਜਾਏ ਤਾਂ ਕੋਈ ਅੱਧਾ ਅੱਥਰੂ ਵੀ ਨਹੀਂ ਡੇਗੇਗਾ। ਇਸ ਵੇਲੇ ਜੇਕਰ ਯੂ. ਪੀ, ਬਿਹਾਰ, ਮੱਧ ਪ੍ਰਦੇਸ਼ ਆਦਿਕ ਵਿਚ ਚੋਣਾ ਕਰਵਾਈਆਂ ਜਾਣ ਤਾਂ ਹਰਿਆਣਾ ਵਾਲਾ ਰੁਝਾਨ ਹੀ ਸਾਹਮਣੇ ਆਵੇਗਾ। ਪਰ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਰਾਜੀਵ ਗਾਂਧੀ ਜਾਂ ਉਹਦੀ ਕਾਂਗਰਸ ਦਾ ਜੋ ਬਦਲ ਹੈ, ਕੀ ਉਹ ਆਪਣੇ ਆਪ ਵਿਚ ਸਾਰਥਕ ਹੈ? ਜਵਾਬ ਸਾਫ ਹੈ, ਨਹੀਂ। ਹਰਿਆਣਾ ਵਿਚ ਦੇਵੀ ਲਾਲ ਪਹਿਲੀ ਵਾਰ ਮੁਖ ਮੰਤਰੀ ਨਹੀਂ ਬਣਨ ਲੱਗਾ। ਅੱਗੇ ਵੀ ਬਣ ਚੁੱਕਿਆ ਹੈ ਤੇ ਰੀਕਾਰਡ ਦਸਦਾ ਹੈ ਕਿ ਉਹਦੀ ਅਗਵਾਈ ਥਲੇ ਚਲਦੀ ਸਰਕਾਰ ਦਾ ਚਰਿਤਰ ਅਤੇ ਕਾਂਗਰਸੀ ਸਰਕਾਰ ਦੇ ਚਰਿਤਰ ਵਿਚ ਬਹੁਤਾ ਫਰਕ ਨਹੀਂ ਸੀ। ਉਹ ਵੀ ਕਾਂਗਰਸ ਕਲਚਰ ਦੀ ਹੀ ਦੇਣ ਹੈ। ਰਾਜੀਵ ਗਾਂਧੀ ਦੀ ਹਾਰ ਦਾ ਜਿਥੇ ਸਵਾਗਤ ਹੋਣਾ ਚਾਹੀਦਾ ਹੈ, ਉਥੇ ਦੇਵੀ ਲਾਲ ਦੀ ਜਿਤ ਉਤੇ ਖੁਸ਼ੀ ਜ਼ਾਹਰ ਕਰਨੀ ਕੋਈ ਸਿਆਣਪਤਾ ਨਹੀਂ।

○ **ਕਰਜ਼ੇ ਦੇਣੇ, ਕਰਜ਼ੇ ਮੁਆਫ ਕਰਨੇ :** ਕਰਜ਼ੇ ਦੇਣੇ ਵੀ ਸਿਆਸਤ ਦਾ ਹੀ ਇਕ ਹਿੱਸਾ ਹੈ, ਜਿਸ ਨਾਲ ਵੋਟਰਾਂ ਨੂੰ ਖੁਸ਼ ਕੀਤਾਂ ਜਾਂਦਾ ਹੈ। ਕਰਜ਼ੇ ਮੁਆਫ ਕਰਨੇ ਵੀ ਸਿਆਸਤ ਦਾ ਹੀ ਇਕ ਹਿੱਸਾ ਹੈ। ਦੋਨੋਂ ਅਮਲ ਇਸ ਗਲ ਦਾ ਪ੍ਰਗਟਾਵਾ ਹਨ ਕਿ ਸਰਕਾਰ ਕੋਲ ਗਰੀਬ ਲੋਕਾਂ ਨੂੰ ਉਤੇ ਚੁਕਣ ਦੀ ਕੋਈ ਠੋਸ ਨੀਤੀ ਨਹੀਂ। ਜੇ ਕੋਈ ਠੋਸ ਨੀਤੀ ਹੋਵੇ ਤਾਂ ਕਰਜ਼ਿਆਂ ਦੀ ਥਾਂ ਐਸੇ ਆਰਥਕ ਕੱਦਮ ਚੁੱਕੇ ਜਾ ਸਕਦੇ ਹਨ ਕਿ ਗਰੀਬ ਲੋਕਾਂ ਦੀ ਸਹੀ ਸ਼ਬਦਾਂ ਵਿਚ ਮੁਕਤੀ ਹੋ ਸਕੇ ਅਤੇ ਉਹ ਸਮਾਜ ਵਿਚ ਇਜ਼ਤ ਅਤੇ ਅਣਖ ਵਾਲੀ ਜ਼ਿੰਦਗੀ ਬਿਤਾ ਸਕਣ। ਇਹ ਬੈਂਕਾਂ ਤੋਂ ਕਰਜ਼ੇ ਦੇਣ ਦੀ ਨੀਤੀ ਬੈਂਕਾਂ ਦੇ ਕੌਮੀਕਰਨ ਤੋਂ ਬਾਅਦ ਵਡੇ ਪੈਮਾਨੇ ਤੇ ਸ਼ੁਰੂ ਕੀਤੀ ਗਈ ਹੈ। ਕੌਮੀ ਕੀਤੇ ਬੈਂਕਾਂ ਤੋਂ ਕਰਜ਼ੇ ਦਿਤੇ ਜਾਂਦੇ ਹਨ। ਸ਼ਿਫਾਰਸ਼ ਕਰਨ ਵਾਲੇ ਲੋਕਲ ਕਾਂਗਰਸੀ ਲੀਡਰ ਹੁੰਦੇ ਹਨ। ਉਹ ਕਰਜ਼ੇ ਦਵਾਉਂਦੇ ਹਨ। ਵਿਚੋਂ ਅੱਧ ਆਪ ਖਾਂਦੇ ਹਨ। ਕਰਜ਼ਾ ਲੈਣ ਵਾਲੇ ਖੁਸ਼ੀ ਨਾਲ ਇਹ ਹਿੱਸਾ ਦੇ ਦੇਂਦੇ ਹਨ, ਕਿਉਂਕਿ ਉਹਨਾਂ ਨੂੰ ਪਤਾ ਹੈ, ਜੋ ਵੀ ਅੱਧ ਉਹਨਾਂ ਨੂੰ ਮਿਲਿਆ ਹੈ, ਉਹ ਗ਼ਨੀਮਤ ਉਹਨਾਂ ਨੇ ਕਿਹੜਾ ਵਾਪਸ ਦੇਣਾ ਹੈ। ਬੇਈਮਾਨੀ ਨਾਲ ਹਾਸਲ ਕੀਤਾ ਇਹ ਪੈਸਾ ਆਮ ਤੌਰ ਤੇ ਸ਼ਰਾਬ ਅਤੇ ਜੂਏ ਵਿਚ ਹੀ ਜਾਇਆਂ ਹੋ ਜਾਂਦਾ ਹੈ। ਇਸਦੇ ਵਿਰੁਧ ਆਵਾਜ਼ ਉਠਨੀ ਚਾਹੀਦੀ ਹੈ ਅਤੇ ਸਹੀ ਆਰਥਕ ਨੀਤੀਆਂ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ।

○ **ਦੋ ਕਿਸਮਾਂ ਦੀਆਂ ਸਿਆਸਤਾਂ :** ਦੇਸ਼ ਵਿਚ ਜੋ ਸਿਆਸਤ ਹੁਣ ਹਾਵੀ ਹੈ, ਉਹ ਚੋਰਾਂ ਦੀ ਸਿਆਸਤ ਕਹੀ ਜਾ ਸਕਦੀ ਹੈ। ਇਸ ਸਿਆਸਤ ਨੂੰ ਚਲਾਉਣ ਵਾਲੇ ਪ੍ਰਧਾਨ ਮੰਤਰੀ ਉਤੇ ਵੀ ਇਹ ਇਲਜ਼ਾਮ ਹੈ ਕਿ ਉਹਨੇ ਕ੍ਰੋੜਾਂ ਰੁਪਿਆਂ ਦੀ ਰੱਕਮ ਸਵਿਜ਼ਰਲੈਂਡ ਦੇ ਬੈਂਕਾਂ ਵਿਚ ਜਮਾਂ ਕਰਵਾਈ ਹੋਈ ਹੈ, ਚੋਰਾਂ ਦੀ ਸਿਆਸਤ ਥਲੇ ਜੋ ਸਾਰਾ ਨਿਜ਼ਾਮ ਚਲ ਰਿਹਾ ਹੈ, ਉਹ ਪੂਰੀ ਤਰ੍ਹਾਂ ਭ੍ਰਿਸ਼ਟ ਹੈ। ਇਹ ਭ੍ਰਿਸ਼ਟਾਚਾਰ ਕਿਧਰੇ ਹਜ਼ਾਰਾਂ ਵਿਚ ਹੈ,

ਕਿਧਰੇ ਲਖਾਂ ਵਿਚ ਹੈ ਤੇ ਕਿਧਰੇ ਕ੍ਰੋੜਾਂ ਵਿਚ ਹੈ। ਪ੍ਰੇਮ ਸਿੰਘ ਚੰਦੂਮਾਜਰਾ ਦੇ ਕੇਸ ਵਿਚ ਇਹ ਪੰਜਾਹ ਲੱਖ ਦਾ ਹੈ। ਰਾਜੀਵ ਗਾਂਧੀ ਦੇ ਕੇਸ ਵਿਚ ਇਹ 50 ਕ੍ਰੋੜ ਦਾ ਹੋ ਸਕਦਾ ਹੈ। ਇਸਦੇ ਉਲਟ ਜੋ ਸਿਆਸਤ ਹੈ ਉਹ ਇਨਕਲਾਬ ਦੀ ਸਿਆਸਤ ਹੈ। ਇਹ ਸਿਆਸਤ ਦਾਅਵੇ ਨਾਲ ਲੋਕ ਪੱਖੀ ਹੁੰਦੀ ਹੈ ਤੇ ਹਰ ਕਿਸਮ ਦੇ ਭ੍ਰਿਸ਼ਟਾ-ਚਾਰ ਤੋਂ ਸਾਫ ਹੁੰਦੀ ਹੈ। ਭ੍ਰਿਸ਼ਟਾਚਾਰ ਦੇ ਸਿਸਟਮ ਵਿਚ ਰਹਿ ਰਹੇ ਲੋਕਾਂ ਨੂੰ ਥੋੜੇ ਕੀਤੇ ਇਤਬਾਰ ਨਹੀਂ ਆਂਦਾ ਕਿ ਕੋਈ ਐਸੀ ਵੀ ਸਰਕਾਰ ਬਣ ਸਕਦੀ ਹੈ, ਜਿਥੇ ਲੋਕਾਂ ਦੀ ਭਲਾਈ ਬਗੈਰ ਕਿਸੇ ਭ੍ਰਿਸ਼ਟਾਚਾਰ ਦੇ ਵੀ ਹੋ ਸਕਦੀ ਹੈ। ਇਨਕਲਾਬੀ ਸਿਆਸਤ ਵਾਲਿਆਂ ਨੂੰ ਬੜੇ ਜ਼ੋਰਦਾਰ ਤਰੀਕੇ ਨਾਲ ਲੋਕਾਂ ਦੇ ਇਸ ਭਰਮ ਨੂੰ ਦੂਰ ਕਰਨਾ ਚਾਹੀਦਾ ਹੈ। ਇਨਕਲਾਬੀ ਸਿਆਸਤ ਦੀ ਜਦੋਂ ਗਲ ਕੀਤੀ ਜਾਂਦੀ ਹੈ ਤਾਂ ਇਹ ਵੀ ਕਿੰਤੂ ਕੀਤਾ ਜਾਂਦਾ ਹੈ ਕਿ ਇਸ ਸਰਕਾਰ ਕੋਲ ਕਿਹੜੀ ਜਾਦੂ ਦੀ ਸੋਟੀ ਹੋਵੇਗੀ, ਜਿਸਦੇ ਨਾਲ ਉਹ ਗ਼ਰੀਬ ਲੋਕਾਂ ਦੀ ਮੁਕਤੀ ਕਰ ਸਕੇਗੀ। ਇਸਦਾ ਜਵਾਬ ਹੈ ਕਿ ਜਾਦੂ ਦੀ ਸੋਟੀ ਤਾਂ ਨਹੀਂ, ਪਰ ਆਰਥਕ ਨੀਤੀਆਂ ਜ਼ਰੂਰ ਹਨ, ਜਿਸ ਨਾਲ ਗਰੀਬ ਲੋਕਾਂ ਦੀ ਮੁਕਤੀ ਅਮਲ ਵਿਚ ਲਿਆਈ ਜਾ ਸਕੇਗੀ। ਭਾਰਤ ਜਾਂ ਪੰਜਾਬ ਦੇ ਪਚਾਸੀ ਫੀ ਸਦੀ ਲੋਕ ਪਿੰਡਾਂ ਵਿਚ ਰਹਿੰਦੇ ਹਨ ਪਰ ਕੁਲ ਬੱਜਟ ਦਾ ਸਿਰਫ 3% ਪਿੰਡਾਂ ਦੇ ਵਿਕਾਸ ਵਲ ਲਗਾਇਆ ਜਾਂਦਾ ਹੈ। ਜੇਕਰ ਇਹ ਬੱਜਟ ਵਧਾ ਦਿਤਾ ਜਾਏ ਤਾਂ ਪਿੰਡ ਦੇ ਲੋਕਾਂ ਦੀ ਜ਼ਿੰਦਗੀ ਵਿਚ ਜ਼ਮੀਨ ਅਸਮਾਨ ਦਾ ਫਰਕ ਪਾਇਆ ਜਾ ਸਕਦਾ ਹੈ, ਚੰਗੇ ਸਕੂਲ ਬਣਾਏ ਜਾ ਸਕਦੇ ਹਨ, ਚੰਗੇ ਹਸਪਤਾਲ ਬਣਾਏ ਜਾ ਸਕਦੇ ਹਨ। ਰੁਜ਼ਗਾਰ ਦੇ ਸਾਧਨ ਵਧਾਏ ਜਾ ਸਕਦੇ ਹਨ। ਇਸੇ ਤਰ੍ਹਾਂ ਸ਼ਹਿਰਾਂ ਵਿਚ ਵਡੀ ਵਸੋਂ ਗਰੀਬ ਬਸਤੀਆਂ ਵਿਚ ਰਹਿੰਦੀ ਹੈ ਪਰ ਸ਼ਹਿਰਾਂ ਦਾ ਵਿਕਾਸ ਬੱਜਟ ਦਾ ਬਹੁਤ ਥੋਹੜਾ ਹਿੱਸਾ ਇਹਨਾਂ ਬਸਤੀਆਂ ਦੇ ਹਿੱਸੇ ਆਂਦਾ ਹੈ, ਇਹ ਬੱਜਟ ਵਧਾ ਕੇ ਚੰਗੀ ਜ਼ਿੰਦਗੀ ਇਥੇ ਦਿਤੀ ਜਾ ਸਕਦੀ ਹੈ। ਇਸ ਵੇਲੇ ਦੇਸ਼ ਦੀ ਪੰਜਾਹ ਫੀ ਸਦੀ ਧਰਤੀ ਦੀ ਮਾਲਕੀ ਸਿਰਫ ਦਸ ਫੀ ਸਦੀ ਲੋਕਾਂ ਕੋਲ ਹੈ, ਇਸ ਮਾਲਕੀ ਦੇ ਰਿਸ਼ਤੇ ਬਦਲੇ ਜਾ ਸਕਦੇ ਹਨ ਤੇ ਗ਼ਰੀਬ ਲੋਕਾਂ ਨੂੰ ਉਤੇ ਚੁੱਕਿਆ ਜਾ ਸਕਦਾ ਹੈ। ਪੈਸੇ ਨਾਲ ਖ੍ਰੀਦੀਆਂ ਜਾਣ ਵਾਲੀਆਂ ਵਿਸ਼ੇਸ਼ ਸਹੂਲਤਾਂ ਬੰਦ ਕੀਤੀਆਂ ਜਾ ਸਕਦੀਆਂ ਹਨ। ਸਕੂਲ ਸਾਰੇ ਇਕੋ ਕਿਸਮ ਦੇ ਕੀਤੇ ਜਾ ਸਕਦੇ ਹਨ ਤਾਂ ਜੋ ਸ਼ੁਰੂ ਵਿਚ ਹੀ ਉਚ ਨੀਚ ਦਾ ਅਹਿਸਾਸ ਖਤਮ ਕੀਤਾ ਜਾਏ। ਕਹਿਣ ਦਾ ਮਤਲਬ ਹੈ ਕਿ ਇਹ ਸਭ ਕੁਝ ਸਰਕਾਰ ਦੀਆਂ ਨੀਤੀਆਂ ਤੇ ਨਿਰਭਰ ਹੈ ਕਿ ਉਹ ਗਰੀਬ ਲੋਕਾਂ ਦੀ ਜ਼ਿੰਦਗੀ ਵਿਚ ਕੀ ਫਰਕ ਪਾ ਸਕਦੀਆਂ ਹਨ। ਇਹ ਸੌਖੀਆਂ ਗਲਾਂ ਬੜੇ ਸੌਖੇ ਤਰੀਕੇ ਨਾਲ ਲੋਕਾਂ ਨੂੰ ਸਮਝਾਈਆਂ ਜਾ ਸਕਦੀਆਂ ਹਨ। ਇਕ ਵਾਰੀ ਲੋਕ ਪੱਖੀ ਇਨਕਲਾਬੀ ਸਿਆਸਤ ਅਤੇ ਲੋਕ ਦੋਖੀ ਚੋਰ ਸਿਆਸਤ ਦਾ ਫਰਕ ਲੋਕਾਂ ਨੂੰ ਸਮਝ ਆ ਗਿਆ ਤਾਂ ਇਸ ਨਿਜ਼ਾਮ ਨੂੰ ਉਲਟਾਉਣਾ ਮੁਸ਼ਕਿਲ ਨਹੀਂ ਹੋਵੇਗਾ।

**o ਲਾਲ ਸਿਆਸਤ ਦੀ ਹਨੇਰੀ :** ਦੇਵੀ ਲਾਲ ਦੀ ਵਿਜੈ ਰੱਥ ਅਤੇ ਐਨ. ਟੀ. ਰਾਮਾ ਰਾਓ ਦੀ ਚੈਤੰਨਿਆ ਰੱਥ ਹਨੇਰੀ ਵਾਂਗ ਹਰਿਆਣਾ ਦੇ ਵੋਟਰਾਂ ਤੇ ਅਸਰ ਕਰ ਗਈਆਂ ਹਨ। ਇਹਨਾਂ ਹੀ ਹਾਲਤਾਂ ਵਿਚ **ਲਾਲ ਸਿਆਸਤ ਦੀ ਹਨੇਰੀ** ਵੀ ਝੁਲਾਈ ਜਾ ਸਕਦੀ ਹੈ। ਦੇਵੀ ਲਾਲ ਅਤੇ ਐਨ. ਟੀ. ਰਾਮਾ ਰਓ ਕੋਲ ਤਾਂ ਸਿਰਫ 'ਮਨਫੀ' ਸਿਆਸਤ ਸੀ ਭਾਵ ਉਹ ਸਿਰਫ ਕਾਂਗਰਸੀ ਰਾਜ ਜਾਂ ਰਾਜੀਵ ਗਾਂਧੀ ਦੀ ਕੁਰਪਸ਼ਨ ਨੰਗੀ ਕਰਕੇ ਹੀ ਹਨੇਰੀ ਝੁਲਾ ਗਏ। ਸਾਡੇ ਇਨਕਲਾਬੀਆਂ ਕੋਲ ਤਾਂ ਠੋਸ ਸਿਆਸਤ ਹੈ। ਜੇ ਅਸੀਂ ਇਸ ਤਰ੍ਹਾਂ ਨਹੀਂ ਪਏ-ਕਰ ਸਕਦੇ ਤਾਂ ਇਹਦਾ ਵਡਾ ਕਾਰਨ ਹੈ ਕਿ ਅਸੀਂ ਲੋਕ ਸ਼ਕਤੀ ਨੂੰ ਸ਼ਕਤੀ ਤਾਂ ਹੀ ਮੰਨਦੇ ਹਾਂ ਕਿ ਲੋਕ ਸਿਸਟਮ ਵਿਰੁੱਧ ਸੰਘਰਸ਼ ਕਰਨ ਲਈ ਹਥਿਆਰ ਚੁੱਕ ਲੈਣ। ਜੇ ਉਹ ਨਹੀਂ ਚੁੱਕਦੇ ਤਾਂ ਅਸੀਂ ਸਮਝਦੇ ਹਾਂ ਕਿ ਲੋਕ ਹਾਲੇ ਤਿਆਰ ਨਹੀਂ। ਸਾਨੂੰ ਪਾਰਲੀਮੈਂਟੀ ਸੰਭਾਵਨਾਵਾਂ ਨੂੰ ਇਨਕਲਾਬ ਅਤੇ ਅਪਣੀ ਜ਼ਮਾਤ ਦੇ ਹਿੱਤਾਂ ਵਿਚ ਵਰਤਨ ਦੇ ਤਰੀਕੇ ਆਉਣੇ ਚਾਹੀਦੇ ਹਨ ਤੇ ਇਨ੍ਹਾਂ ਬਾਰੇ ਆਪਸ ਵਿਚ ਬਹਿਸ ਛੇੜਨੀ ਚਾਹੀਦੀ ਹੈ। ਨਿਤ ਦਿਨ ਹਾਲਤ ਬਦਲ ਰਹੇ ਹਨ। ਪੁਰਾਣੀਆਂ ਪੁਜ਼ੀਸ਼ਨਾਂ ਤੇ ਟੇਕ ਰਖੀ ਰਖਣੀ ਕੋਈ ਸਿਆਣਪਤਾ ਨਹੀਂ।

**o ਰੀਬੇਰੋ ਇਕ ਖਤਰਨਾਕ ਸੋਚ ਵਾਲਾ ਪੁਲਸ ਅਫਸਰ ਹੈ :** ਰੀਬੇਰੋ ਨੇ ਇਕ ਅਖਬਾਰੀ ਇੰਟਰਵੀਊ ਵਿਚ ਇਹ ਗੱਲ ਆਖੀ ਹੈ "ਸਾਨੂੰ ਪੁਛਿਆ ਜਾਂਦਾ ਹੈ ਕਿ ਅਸੀਂ ਜਦੋਂ ਅਤਿਵਾਦੀਆਂ ਨੂੰ ਫੜਦੇ ਹਾਂ ਤਾਂ ਫਿਰ ਇਹਨਾਂ ਉਤੇ ਮੁਕੱਦਮੇ ਕਿਉਂ ਨਹੀਂ ਚਲਾਂਦੇ ? ਮੈਂ ਇਹ ਸਵਾਲ ਪੁਛਣ ਵਾਲਿਆਂ ਕੋਲੋਂ ਅਗੇ ਪੁਛਣਾ ਚਾਹੁੰਦਾ ਹਾਂ ਕਿ ਕਿਥੇ ਨੇ ਉਹ ਜੱਜ ਜੋ ਇਹਨਾਂ ਕੇਸਾਂ ਦੀ ਸੁਣ-ਵਾਈ ਸੁਣਕੇ ਇਨਸਾਫ ਕਰਨਗੇ ? ਕਿਥੇ ਨੇ ਉਹ ਗਵਾਹ ਜੋ ਉਹਨਾਂ ਦੇ ਵਿਰੁੱਧ ਗਵਾਹੀ ਦੇਣਗੇ ?" ਇਕ ਤਰੀਕੇ ਨਾਲ ਰੀਬੇਰੋ ਨੇ ਇਹ ਇਕਬਾਲ ਕਰ ਲਿਆ ਹੈ ਕਿ ਭਾਰਤੀ ਕਾਨੂੰਨ ਪਰਨਾਲੀ ਏਨੀ ਨਾਕਸ ਹੈ ਕਿ ਉਹ ਕਿਸੇ ਕਸੂਰਵਾਰ ਨੂੰ ਦੰਡ ਨਹੀਂ ਦੇ ਸਕਦੀ। ਉਹਨੇ

ਅਸਿੱਧੇ ਤੌਰ ਤੇ ਇਹ ਇਕਬਾਲ ਵੀ ਕਰ ਲਿਆ ਹੈ ਕਿ ਉਹਦੇ ਪੁਲਸ ਵਾਲੇ ਅਤਿਵਾਦੀਆਂ ਨੂੰ ਫੜਕੇ ਮੁਕਾਬਲਾ ਬਣਾਕੇ ਮਾਰਦੇ ਰਹੇ ਹਨ, ਮਾਰਦੇ ਹਨ ਤੇ ਮਾਰਦੇ ਰਹਿਣਗੇ। ਜੇ ਉਹ ਵਡਾ ਇਮਾਨਦਾਰ ਹੈ (ਜਿਸ ਤਰ੍ਹਾਂ ਉਹਨੂੰ ਆਪ ਵੀ ਗ਼ਰੂਰ ਹੈ ਤੇ ਅਖਬਾਰਾਂ ਵਾਲੇ ਵੀ ਉਹਦੇ ਬਾਰੇ ਲਿਖਦੇ ਹਨ) ਤਾਂ ਜਿਹੜੀ ਗੱਲ ਉਹ ਅਸਿਧੇ ਤਰੀਕੇ ਨਾਲ ਕਹਿੰਦਾ ਹੈ, ਉਹ ਸਿੱਧਾ ਕਹਿਣ ਤੋਂ ਕਿਉਂ ਮੁਨਕਰ ਹੁੰਦਾ ਹੈ ? ਇਹੋ ਜਿਹੀ ਖਤਰਨਾਕ ਸੋਚ ਵਾਲਾ ਬੰਦਾ ਪੰਜਾਬ ਦੀ ਜਵਾਨੀ ਨਾਲ ਜੋ ਖਿਲਵਾੜ ਕਰ ਰਿਹਾ ਹੈ, ਉਹ ਕਦੀ ਵੀ ਬਰਦਾਸ਼ਤ ਨਹੀਂ ਹੋਣਾ ਚਾਹੀਦਾ ਪਰ ਇਹ ਬਦਕਿਸਮਤੀ ਹੈ ਕਿ ਉਹ ਬਰਦਾਸ਼ਤ ਹੋ ਰਿਹਾ ਹੈ। ਇਹਦੀ ਵਡੀ ਜ਼ਿੰਮੇਵਾਰੀ ਸ੍ਰੋਮਣੀ ਅਕਾਲੀ ਦੱਲ ਅਤੇ ਖ਼ੁਫ਼ੀਆ ਸਿੱਖ ਸੰਗਠਨਾਂ ਉਤੇ ਆਂਦੀ ਹੈ ਜਿਨ੍ਹਾਂ ਦੀਆਂ ਗ਼ਲਤੀਆਂ ਕਰਕੇ ਪੰਜਾਬ ਉਤੇ ਇਹ ਮੁਸੀਬਤ ਆਈ ਹੋਈ ਹੈ ਅਤੇ ਕੇਂਦਰ ਸਰਕਾਰ ਦੀਆਂ ਕੁਕਰਮੀ ਚਾਲਾਂ ਸਫਲ ਹੋਈਆਂ ਹੋਈਆਂ ਹਨ। ਇਨਕਲਾਬੀ ਸਿਆਸਤ ਨੂੰ ਪਹਿਲ ਕਦਮੀ ਕਰਕੇ ਇਸ ਪੁਲਸੀ ਰਾਜ ਵਿਰੁਧ ਆਵਾਜ਼ ਉਠਾਣੀ ਚਾਹੀਦੀ ਹੈ ਤੇ ਸ਼ਕਤੀਸ਼ਾਲੀ ਸੰਘਰਸ਼ ਲਾਮਬੰਦ ਕਰਨਾ ਚਾਹੀਦਾ ਹੈ। ਇਸ ਸੰਘਰਸ਼ ਵਿਚ ਬਾਕੀ ਭਾਰਤ ਦੇ ਜਮਹੂਰੀ ਲੋਕਾਂ ਵਿਚ ਸਹਾਇਤਾ ਲੈਣੀ ਚਾਹੀਦੀ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੱਦੇ ਤੇ ਇਕ ਆਲ ਇੰਡੀਆ ਟੀਮ ਅਜ ਕਲ ਪੰਜਾਬ ਦੇ ਵੱਖ ਵੱਖ ਇਲਾਕਿਆਂ ਦਾ ਦੌਰਾ ਕਰ ਰਹੀ ਹੈ। ਫਿਰਕੂ ਦਹਿਸ਼ਤ ਅਤੇ ਸਟੇਟ ਦਹਿਸ਼ਤ ਦੋਨਾਂ ਬਾਰੇ ਉਹ ਵਿਸਥਾਰ ਨਾਲ ਇਕ ਰੀਪੋਰਟ ਭਾਰਤ ਦੇ ਲੋਕਾਂ ਨੂੰ ਦੇ ਸਕਣਗੇ। ਆਲ ਇੰਡੀਆ ਟੀਮ ਦੇ ਮੈਂਬਰਾਂ ਨਾਲ ਗੱਲਬਾਤ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਭਾਰਤ ਦੀ ਡੈਮੋਕਰੇਟਿਕ ਰਾਇਆਮਾ ਪੰਜਾਬ ਵਿਚ ਪੁਲਸੀ ਰਾਜ ਬਾਰੇ ਬਹੁਤ ਹੀ ਫਿਕਰਮੰਦ ਹੈ।

oo

## ਸਨਮਾਨ ਬਾਰੇ ਮਿਲੀਆਂ ਕੁਝ ਹੋਰ ਰਾਵਾਂ ਤੇ ਸਨਮਾਨ ਨਾ ਲੈਣ ਦਾ ਫੈਸਲਾ

—ਇਹ ਸਨਮਾਨ ਤੁਹਾਡਾ ਹੱਕ ਹੈ, ਇਹ ਸਵੀਕਾਰ ਕਰਨਾ ਚਾਹੀਦਾ ਹੈ। ਹਮਦਰਦ ਨੌਸ਼ਹਿਰੀਵੀ

—ਲੋਕ ਪੱਖੀ ਕਲਾਕਾਰ ਨੂੰ ਲੋਕ ਦੋਖੀ ਸਰਕਾਰ ਵਲੋਂ ਕੋਈ ਸਨਮਾਨ ਨਹੀਂ ਲੈਣਾ ਚਾਹੀਦਾ/ਇਪਾਨਾ ਕੈਨੇਡਾ.

—ਭਾਅ ਜੀ ਨੂੰ ਜੇ ਸਨਮਾਨ ਦੀ ਪੇਸ਼ਕਸ਼ ਹੁੰਦੀ ਹੈ, ਉਹ ਮੋੜਨਾ ਨਹੀਂ ਚਾਹੀਦਾ ਤੇ ਲੋਕ ਹਿਤਾਂ ਲਈ ਵਰਤਦਿਆਂ ਇਹ ਸਿੱਧ ਕਰ ਦੇਣਾ ਚਾਹੀਦਾ ਹੈ ਕਿ ਸਾਡੀ ਕੁਮਿੱਟਮੈਂਟ ਏਨੀ ਸਤਰੀ ਨਹੀਂ ਕਿ ਕੁਝ ਸਿੱਕਿਆਂ ਪਿੱਛੇ ਆਪਣੀ ਜ਼ਮੀਰ ਵੇਚ ਦੇਈਏ/ਲੋਕ ਕਲਾ ਮੰਚ-ਮਾਛੀਵਾੜਾ

—ਸਾਮਰਾਜੀ, ਲੋਕ ਦੋਖੀ ਤੇ ਲੋਕਾਂ ਦੀ ਕਾਤਲ ਸਰਕਾਰ ਹਥੋਂ ਕੋਈ ਸਨਮਾਨ ਨਹੀਂ ਲੈਣਾ ਚਾਹੀਦਾ/ਮਹਿੰਦਰਪਾਲ ਸਿੰਘ ਪੰਜਾਬ ਨਾਟਕਕਲਾ ਕੇਂਦਰ,ਲੋਹੀਆ

—ਸਰਕਾਰਾਂ ਰਾਹੀਂ ਰਾਜਸੀ ਜਮਾਤਾਂ ਸ਼ਾਤਰ ਚਲਾ ਚਲਦੀਆਂ ਆਈਆਂ ਹਨ, ਤੁਹਾਨੂੰ ਇਨਾਮ ਦੇਣਾ ਵੀ ਉਹਨਾਂ 'ਚ ਇਕ ਹੈ। ਇਹੋ ਇਨਾਮ ਤੁਹਾਨੂੰ ਪਹਿਲਾਂ ਕਿਉਂ ਨਾ ਭੇਂਟ ਕੀਤਾ ਗਿਆ ? ਹੁਣ ਹੀ ਕਿਉਂ ? ਇਹ ਇਨਾਮ ਹੁਣ ਗੁਰਸ਼ਰਨ ਸਿੰਘ ਨਾਟਕਕਾਰ ਨੂੰ ਨਹੀਂ, ਸਗੋਂ ਇਨਕਲਾਬੀ ਏਕਤਾ ਕੇਂਦਰ ਦੇ ਕਨਵੀਨਰ ਅਤੇ ਪਲਸ ਮੰਚ ਦੇ ਪ੍ਰਧਾਨ ਨੂੰ ਦਿਤਾ ਜਾ ਰਿਹਾ ਹੈ। ਇਹ ਗੱਲ ਸਾਡਾ ਸਾਰਿਆਂ ਦਾ ਧਿਆਨ ਮੰਗਦੀ ਹੈ। ਇਹ ਇਨਾਮ ਲੈਣਾ ਸਾਡੇ ਮਿਸ਼ਨ ਨੂੰ ਧੁੰਦਲਾ ਕਰੇਗਾ, ਇਹ ਨਹੀਂ ਲੈਣਾ ਚਾਹੀਦਾ/ਕੁਝ ਸ਼ੁਭਚਿੰਤਕ ਐਡਮੈਂਟਨ ਅਤੇ ਵਿੰਨੀਪੈਗ ਕੈਨੇਡਾ

—ਸਨਮਾਨ ਲੈਣਾ, ਇਨਕਲਾਬੀ ਲੀਹ ਤੋਂ ਲਹਿਣਾ ਹੋਵੇਗਾ/ਯੁਵਰਾਜ ਸਿੰਘ ਰਤਨ,ਵੀਨੀਪੈਗ ਕੈਨੇਡਾ

—ਭਾਰਤ ਚੋਰਾਂ ਦਾ ਦੇਸ਼ ਹੈ। ਸਰਕਾਰੀ ਖਜ਼ਾਨੇ ਦੀਆਂ ਧਿੱਜੀਆਂ, ਉਡਾਈਆਂ ਜਾ ਰਹੀਆਂ ਹਨ। ਜੇਕਰ ਇਹ ਇਨਾਮ ਭਾਅ ਜੀ ਨਹੀਂ ਲੈਂਦੇ ਤਾਂ ਇਹ ਦਸ ਹਜ਼ਾਰ ਵੀ ਹਰਾਮ ਦੀ ਕਮਾਈ ਸਮਝਕੇ ਮੰਤਰੀ ਉਡਾ ਜਾਣਗੇ। ਸਾਨੂੰ ਬੇਕਾਰ ਦੀ ਬਹਿਸ ਛੱਡਕੇ ਇਨਾਮ ਹਾਸਿਲ ਕਰ ਲੈਣਾ ਚਾਹੀਦਾ ਹੈ ਤੇ ਇਹਨੂੰ ਇਨਕਲਾਬੀ ਸੰਘਰਸ਼ ਦੇ ਲਾਹੇਵੰਦ ਕੰਮ ਲਈ ਵਰਤਨਾ ਚਾਹੀਦਾ ਹੈ/ਆਤਮਾ ਸਿੰਘ ਰਾਜ, ਹਰਪਿੰਦਰ ਸਿੰਘ ਜਗਰਾਓ

## ਸਨਮਾਨ ਨਹੀਂ ਲੈਣਾ ਹੈ

ਜਿਨ੍ਹਾਂ ਹਾਲਤਾਂ ਵਿਚ ਚੰਡੀਗੜ੍ਹ ਦੇ ਸ਼ਹਿਰੀਆਂ ਦੀ ਕਮੇਟੀ ਵਲੋਂ ਇਸ ਸਨਮਾਨ ਦੀ ਸਫਾਰਸ਼ ਕੀਤੀ ਗਈ ਸੀ, ਮੇਰਾ ਆਪਣਾ ਜ਼ਾਤੀ ਵਿਚਾਰ ਸੀ ਕਿ ਇਹ ਸਨਮਾਨ ਲੈਣਾ ਆਪਣੀ ਕਲਾ ਨਾਲ ਕੋਈ ਸਮਝੌਤਾ ਕਰਨਾ ਨਹੀਂ ਅਤੇ ਇਹ ਸਨਮਾਨ ਆਪਣਾ ਹੱਕ ਸਮਝਕੇ ਲੈਣਾ ਚਾਹੀਦਾ ਹੈ। ਪਰ ਇਸ ਗੱਲ ਦਾ ਧਿਆਨ ਰਖਦਿਆਂ ਹੋਇਆਂ ਕਿ ਇਹ ਸਨਮਾਨ ਲੈਣ ਨਾਲ ਅਪਣੇ ਹਲਕਿਆਂ ਵਿਚ ਕੁਝ ਗਲਤ ਫਹਿਮੀਆਂ ਪੈ ਸਕਦੀਆਂ ਹਨ ਅਤੇ ਅਣਚਾਹੇ ਅਸਰ ਵੀ ਪੈ ਸਕਦੇ ਹਨ, ਇਸ ਲਈ ਮੈਂ ਇਹ ਸਨਮਾਨ ਨਾ ਲੈਣ ਦਾ ਫੈਸਲਾ ਕੀਤਾ ਹੈ। ਮੈਂ ਉਹਨਾਂ ਸਾਰੇ ਸਾਥੀਆਂ ਦਾ ਵਿਸ਼ੇਸ਼ ਕਰਕੇ ਇਨਕਲਾਬੀ ਕੇਂਦਰ ਦੇ ਸਾਥੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਅਪਣੀ ਕੀਮਤੀ ਰਾਏ ਇਸ ਮਾਮਲੇ ਵਿਚ ਦੇ ਕੇ ਇਹ ਫੈਸਲਾ ਲੈਣ ਵਿਚ ਸਹਾਇਤਾ ਕੀਤੀ ਹੈ।

ਗੁਰਸ਼ਰਨ ਸਿੰਘ

ਇਕ ਰੀਪੋਰਟ

## ਮਾਲਵੇ ਨੇ ਲਈ ਮੁੜ ਅੰਗੜਾਈ

ਚਿਰਾਂ ਦੀ ਖਾਮੋਸ਼ੀ ਤੋੜ ਕੇ ਮਾਲਵਾ ਖੇਤਰ ਵਿਚ ਇਨਕਲਾਬੀ ਮੁੱਕੇ ਇਕ ਵਾਰ ਫੇਰ ਹਵਾ 'ਚ ਲਹਿਰਾਏ। ਪੰਜਾਬ ਦੀ ਤਿੱਖੀ ਤਣਾਅ ਵਾਲੀ ਹਾਲਤ 'ਚ ਵੀ ਸੰਤਾਪ ਭੋਗ ਰਹੇ ਪੰਜਾਬ ਦੇ ਲੋਕਾਂ ਨੇ ਆਪਣੀ ਆਵਾਜ਼ ਦੀ ਸੁਰ ਭਾਵੇਂ ਮੱਧਮ ਨਹੀਂ ਸੀ ਕੀਤੀ, ਪਰ ਫੇਰ ਵੀ ਪਿਛਲੇ ਸਮੇਂ 'ਚ ਇਕ ਘਾਟ ਜ਼ਰੂਰ ਰੜਕਦੀ ਸੀ ਕਿ ਆਵਾਜ਼ ਦੀ ਸੁਰ 'ਚ ਤਾਲਮੇਲ ਬਿਠਾਉਣ ਦੀ ਅੱਤਿ ਫੌਰੀ ਲੋੜ ਹੈ। 9 ਨਵੰਬਰ ਨੂੰ ਇਨਕਲਾਬੀ ਕੇਂਦਰ ਦੇ ਗਠਨ ਨਾਲ ਇਹ ਆਸ ਦੀ ਕਿਰਨ ਜਾਗੀ ਸੀ ਤੇ ਪਿਛੋਂ ਪਿਛੋਂ ਮਾਝਾ ਇਲਾਕਾ ਦੇ ਅੰਮ੍ਰਿਤਸਰ ਗੁਰਦਾਸਪੁਰ ਪਿੰਡਾਂ ਵਿਚ ਇਨਕਲਾਬੀ ਕਾਫਲੇ ਦੇ ਪੰਦਰਾਰੋਜ਼ਾ ਪਰੋਗਰਾਮ ਨੇ ਮਾਲਵੇ ਦੇ ਇਨਕਲਾਬੀਆਂ ਨੂੰ ਇਕ ਝੰਜੋੜਾ ਦੇ ਦਿੱਤਾ। ਅਪਣੀ ਸੰਮਰੱਥਾ ਮੁਤਾਬਕ ਮੋਗਾ ਇਲਾਕਾ ਦੇ ਇਨਕਲਾਬੀਆਂ ਨੇ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰੋਗਰਾਮ ਨੂੰ ਲਿਜਾਣ ਦੀ ਮੁੱਢਲੀ ਸਕੀਮ ਬਣਾਈ। ਜਿਸ ਤਹਿਤ ਬਿਲਾਸਪੁਰ, ਢੁੱਡੀਕੇ, ਬੌਡੇ ਅਤੇ ਖੋਟੇ ਵਿਖੇ ਪ੍ਰੋਗਰਾਮ ਉਲੀਕੇ। ਬਿਲਾਸਪੁਰ ਵਿਚ ਕੀਤੀ ਗਈ ਕਾਨਫਰੰਸ ਜਿਸ ਵਿਚ ਲਗਭਗ 1300 ਤੋਂ ਉਪਰ ਮਰਦਾਂ ਅਤੇ ਔਰਤਾਂ ਦੀ ਸ਼ਮੂਲੀਅਤ ਸੀ, ਦੀ ਤਿਆਰੀ ਲਈ ਸਥਾਨਕ ਕਮੇਟੀ ਵਲੋਂ ਕੀਤੇ ਗਏ ਉਪਰਾਲੇ ਉਤਸ਼ਾਹ ਜਨਕ ਹੀ ਨਹੀਂ ਸਗੋਂ ਸਿਖਿਆਦਾਇਕ ਵੀ ਸਨ।

ਕਾਨਫਰੰਸ ਤੋਂ ਪਹਿਲਾਂ ਪਿੰਡ ਦੇ ਘਰ ਘਰ ਜਾ ਕੇ ਇਸ ਦੀ ਮਹੱਤਤਾ ਬਾਰੇ ਦਸਦਿਆਂ ਕਿਹਾ ਕਿ ਅੱਜ ਦੀ ਹਾਲਤ ਵਿਚ ਸਾਨੂੰ ਚੇਤੰਨ ਹੋਕੇ ਇਸ ਪੰਜਾਬ ਦੇ ਸੰਤਾਪ ਨੂੰ ਸਮਝਣਾ ਪਵੇਗਾ। ਕਾਨਫਰੰਸ ਦੇ ਪੰਡਾਲ ਨੂੰ ਝੰਡਿਆਂ ਮਾਟੋਆਂ, ਹੱਥ ਲਿਖਤਾਂ ਆਦਿ ਨਾਲ ਐਉਂ ਸ਼ਿੰਗਾਰਿਆ ਗਿਆ ਸੀ, ਕਿ ਉਥੇ ਪਹੁੰਚਦਾ ਹੀ ਹਰ ਆਦਮੀ ਇਨਕਲਾਬੀ ਮਹੌਲ ਵਿਚ ਆ ਜਾਂਦਾ ਅਤੇ ਆਪ ਮੁਹਾਰੇ ਹੀ ਉਸ ਮੂੰਹੋਂ ਨਿਕਲਦਾ ਸਾਨੂੰ ਕੀ ਇਸ ਨਰਕੀ ਜ਼ਿੰਦਗੀ ਤੋਂ ਛੁਟਕਾਰਾ ਕਦੋਂ ਮਿਲੇਗਾ? ਸੰਗੀਤ ਮੰਡਲੀ ਭਦੌੜ ਨੇ ਇਨਕਲਾਬੀ ਸੰਗੀਤ ਦੀ ਲੈਅ 'ਚ ਗੀਤਾਂ ਨਾਲ ਰੰਗ ਬੰਨ੍ਹਿਆ ਅਤੇ ਫਿਰ ਇਨਕਲਾਬੀ ਕੇਂਦਰ ਦੇ ਬੁਲਾਰਿਆਂ ਨੇ ਅਪਣੇ ਵਿਚਾਰ ਰੱਖੇ। ਇਨਕਲਾਬੀ ਕੇਂਦਰ ਦੇ ਕਨਵੀਨਰ ਗੁਰਸ਼ਰਨ ਸਿੰਘ, ਨਰਭਿੰਦਰ ਸਿੰਘ ਤੋਂ ਇਲਾਵਾ ਡਾ. ਧਰਮਬੀਰ, ਡਾ: ਦਰਸ਼ਨਪਾਲ ਅਤੇ ਨਿਰਭੈ ਸਿੰਘ ਢੁਡੀਕੇ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਸਾਨੂੰ ਸਮਝਣ ਦੀ ਲੋੜ ਹੈ ਕਿ ਕਿਵੇਂ ਇਥੇ ਦੋ ਸਿਆਸਤਾਂ ਹਨ, ਇਕ ਉਨ੍ਹਾਂ ਲੋਕਾਂ ਦੀ, ਜੋ ਲੋਕਾਂ ਦੀ ਰੱਤ ਨੁੱਚਦੇ ਹਨ ਅਤੇ ਇਕ ਉਨ੍ਹਾਂ ਦੀ ਜਿਨ੍ਹਾਂ ਦੀ ਰੱਤ ਨੁੱਚੀ ਜਾਂਦੀ ਹੈ। ਜੋ ਲੋਕਾਂ ਦੀ ਰੱਤ ਨੁੱਚੁਦੇ ਹਨ ਉਹੀ ਲੋਕ ਹਨ ਜੋ ਲੋਕਾਂ ਨੂੰ ਧਰਮਾਂ, ਜਾਤਾਂ ਨਸਲਾਂ ਦੀ ਭਰਮਾਰ ਲੜਾਈ ਵੱਲ ਧੱਕਦੇ ਹਨ ਅਤੇ ਇਨ੍ਹਾਂ ਦੀ ਗੰਦੀ ਸਿਆਸਤ ਦਾ ਕਾਰਨ ਹੀ ਹੈ ਕਿ ਪੰਜਾਬ ਪਿਛਲੇ ਕਈ ਸਾਲਾਂ ਤੋਂ ਦਹਿਸ਼ਤ ਦਾ ਅਖਾੜਾ ਬਣਿਆ ਹੈ। ਬੁਲਾਰਿਆਂ ਨੇ ਕਿਹਾ ਕਿ ਅੱਜ ਖਾਲਿਸਤਾਨ ਦਾ ਨਾਹਰਾ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਨੂੰ ਕੁੱਝ ਨਹੀਂ ਦੇ ਸਕਦਾ, ਜਿਨ੍ਹਾਂ ਦੀ ਰੱਤ ਚੂੰਡੀ ਜਾ ਰਹੀ ਹੈ। ਉਨ੍ਹਾਂ ਦਾ ਨਾਹਰਾ ਤਾਂ ਮਜ਼ਦੂਰਸਤਾਨ ਦਾ ਹੀ ਹੋ ਸਕਦਾ ਹੈ ਭਾਵ ਮਜ਼ਦੂਰ ਜਮਾਤ ਦੀ ਸਿਆਸਤ ਹੇਠ ਸਿਰਜਿਆ ਰਾਜ ਹੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਾਕਮ ਜਮਾਤਾਂ ਦੀ ਸਿਆਸਤ ਸਮਝਣੀ ਪਵੇਗੀ ਅਤੇ ਅਪਣੀ ਨਰਕੀ ਜ਼ਿੰਦਗੀ ਤੋਂ ਖਹਿੜਾ ਛੁਡਾਉਣ ਲਈ ਲੜਨਾ ਪਵੇਗਾ।

**ਢੁੱਡੀਕੇ** ਪਿੰਡ ਵਿਚ ਗਦਰ ਪਾਰਟੀ ਦੇ ਸ਼ਹੀਦ ਬਾਬਾ ਈਸ਼ਰ ਸਿੰਘ ਦੀ ਯਾਦ ਵਿਚ ਇਨਕਲਾਬੀ ਕੇਂਦਰ ਪੰਜਾਬ ਵਲੋਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਯਾਦ ਰਹੇ ਬਾਬਾ ਈਸ਼ਰ ਸਿੰਘ ਨੂੰ 18 ਜੂਨ ਨੂੰ ਅੰਗਰੇਜ਼ ਹਕੂਮਤ ਖਿਲਾਫ ਗਦਰ ਮਚਾਉਣ ਦੇ ਜੁਰਮ 'ਚ ਫਾਂਸੀ ਲਾਇਆ ਗਿਆ ਸੀ, ਢੁੱਡੀਕੇ ਦੇ ਇਲਾਕੇ ਵਲੋਂ ਇਲਾਕੇ ਭਰ 'ਚ ਪੋਸਟਰ ਲਾਇਆ ਗਿਆ ਅਤੇ ਪਿੰਡ ਪਿੰਡ ਸੁਨੇਹੇ ਪਹੁੰਚਾਏ ਗਏ ਲਗਭਗ 1500-1600 ਦੀ ਗਿਣਤੀ ਵਿਚ ਔਰਤਾਂ ਮਰਦਾਂ ਨੇ ਇਨਕਲਾਬੀ ਕੇਂਦਰ ਦੇ ਬਲਾਰਿਆਂ ਦੇ ਵਿਚਾਰ ਸੁਣੇ ਅਤੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਨਾਟਕ ਵੇਖੇ। ਕੇਂਦਰ ਦੇ ਕਨਵੀਨਰ ਗੁਰਸ਼ਰਨ ਸਿੰਘ ਅਤੇ ਸੂਬਾ ਕਮੇਟੀ ਮੈਂਬਰ ਨਰਭਿੰਦਰ ਸਿੰਘ ਨੇ ਆਪਣੇ ਵਿਚਾਰ ਰੱਖੇ ਅਤੇ ਲੋਕਾਂ ਨੂੰ ਹੱਕੀ ਲੜਾਈ ਵਿਢਣ ਦੀ ਅਪੀਲ ਕੀਤੀ ਅਤੇ ਹਰ ਕਿਸਮ ਦੇ ਫਿਰਕੂ ਜਨੂੰਨੀਆਂ ਤੋਂ ਸੁਚੇਤ ਰਹਿਣ ਲਈ ਕਿਹਾ। ਸਟੇਜ ਦੀ ਕਾਰਵਾਈ ਜਗਮੋਹਨ ਸਿੰਘ ਇਲਾਕਾ ਕਨਵੀਨਰ ਨੇ ਨਿਭਾਈ। ਨਿਰਭੈ ਸਿੰਘ ਨੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਕੇਂਦਰ ਨੂੰ ਮਜ਼ਬੂਤ ਕਰਨ ਲਈ ਸਾਨੂੰ ਸਹਿਯੋਗ ਦੇਣ। "ਦਾਸਤਾਨ-ਏ-ਪੰਜਾਬ" ਨਾਟਕ ਦੀ ਪੇਸ਼ਕਾਰੀ ਨੇ ਲੋਕਾਂ ਦੇ ਦਿਲ ਅੰਦਰ ਚੀਸ ਪੈਦਾ ਕਰ ਦਿੱਤੀ ਤੇ ਸੁਆਲ ਉਠਾਇਆ ਕਿ ਸਾਨੂੰ ਇਸ ਹਾਲਤ ਵਿਚ ਐਉਂ ਨਹੀਂ ਦਰਸ਼ਕ ਬਣ ਕੇ ਰਹਿਣਾ ਚਾਹੀਦਾ ਸਗੋਂ ਲੜਨ ਲਈ ਅੱਗੇ ਆਉਣਾ ਚਾਹੀਦਾ ਹੈ।

**ਬੌਡੇ** ਪਿੰਡ ਵਿਚ ਇਲਾਕਾ ਮੋਗਾ ਵਲੋਂ ਕਾਨਫਰੰਸ ਅਤੇ ਡਰਾਮੇ ਕੀਤੇ ਗਏ। ਛੋਟੇ ਪਿੰਡ ਹੋਣ ਦੇ ਬਾਵਜੂਦ 1200-1300 ਦਾ ਇਕੱਠ ਸੀ ਅਤੇ ਕਾਫੀ ਗੰਭੀਰਤਾ

ਨਾਲ ਉਨ੍ਹਾਂ ਸਾਰੀ ਕਾਨਫਰੰਸ ਨੂੰ ਸੁਣਿਆ। ਗੁਰਸ਼ਰਨ ਸਿੰਘ ਜੀਤੋਂ ਇਲਾਵਾ ਸੀ. ਪੀ. ਆਈ (ਮ. ਲ.) ਪ੍ਰੋਲਾ-ਰੇਡੀ ਧਿਰ ਦੇ ਸੂਬਾ ਆਗੂ ਅਜਮੇਰ ਸਿੰਘ ਨੇ ਸੰਬੋਧਨ ਕੀਤਾ। ਉਨ੍ਹਾਂ ਦਹਿਸ਼ਤ ਮਰਦਾਂ ਦੀਆਂ ਘਟੀਆ ਕਰਤੂਤਾਂ ਦਾ ਪੜਦਾ ਚਾਕ ਕਰਦਿਆਂ ਕਿਹਾ ਕਿ ਦਰ-ਅਸਲ ਇਹ ਸਰਕਾਰੀ ਅਤੇ ਜਨੂੰਨੀ ਦਹਿਸ਼ਤ ਖਿਲਾਫ ਸਭੇ ਲੋਕਾਂ ਨੂੰ ਲੜਨ ਲਈ ਅਗੇ ਆਉਣਾ ਪਵੇਗਾ ਇਥੇ ਮੌਕਾਪ੍ਰਸਤ ਸਿਆਸੀ ਪਾਰਟੀਆਂ ਦੇ ਹੋਕਰੇ ਫਾਲਤੂ ਹਨ ਇਹਨਾਂ 'ਚ ਕੋਈ ਦਮ ਨਹੀਂ"।

**ਖੋਟੇ ਪਿੰਡ** ਵਿਚ ਵੀ ਇਨਕਲਾਬੀ ਕੇਂਦਰ ਵਲੋਂ ਸਭਿਆਚਾਰਕ ਪ੍ਰੋਗਰਾਮ ਤੇ ਨਾਟਕ ਕੀਤਾ ਗਿਆ। ਲਗਭਗ 1000 ਦੇ ਕਰੀਬ ਮਰਦਾਂ ਅਤੇ ਔਰਤਾਂ ਦੇ ਇਕੱਠ ਨੂੰ ਇਨਕਲਾਬੀ ਕੇਂਦਰ ਦੇ ਆਗੂ ਨਰਭਿੰਦਰ ਸਿੰਘ ਤੇ ਹੋਰ ਬੁਲਾਰਿਆਂ ਨੇ ਸੰਬੋਧਨ ਕੀਤਾ। ਉਨ੍ਹਾਂ ਨੇ ਕਿਹਾ ਕਿ ਸਾਨੂੰ ਜਮਾਤੀ ਸੰਘਰਸ਼ ਨੂੰ ਤੇਜ਼ ਕਰਦਿਆਂ ਕਿਸਾਨਾਂ ਮਜ਼ਦੂਰਾਂ ਦੀ ਸਿਆਸਤ ਦੇ ਲੜ ਲਗਣਾ ਚਾਹੀਦਾ ਪਾਲਿਸਤਾਨੀ ਸਿਆਸਤ ਸਾਡੀ ਜ਼ਿੰਦਗੀ 'ਚ ਕੋਈ ਸੁਧਾਰ ਨਹੀਂ ਕਰ ਸਕਦੀ। ਸਿਰਫ ਇਨਕਲਾਬੀ ਸਿਆਸਤ ਹੀ ਲੋਕਾਂ ਦੀ ਜ਼ਿੰਦਗੀ ਸੁਧਾਰ ਸਕਦੀ ਹੈ ਇਨ੍ਹਾਂ ਸਾਰੇ ਪਿੰਡਾਂ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ 'ਕਰਫਿਊ'-'ਚੰਡੀਗੜ੍ਹ ਪੁਆੜੇ ਦੀ ਜੜ੍ਹ', ਬੇਰੁਜ਼ਗਾਰੀ' ਆਦਿ ਨਾਟਕ ਖੇਡੇ ਜਿਨ੍ਹਾਂ ਨੂੰ ਲੋਕਾਂ ਨੇ ਬੜੀ ਗੰਭੀਰਤਾ ਨਾਲ ਦੇਖਿਆ। ਇਲਾਕਾ ਕਮੇਟੀ ਨੇ ਸਾਰੇ ਪ੍ਰੋਗਰਾਮਾਂ ਨੂੰ ਸਫਲਤਾਂ ਨਾਲ ਸਿਰੇ ਚਾੜ੍ਹਿਆ।

ਦਰਅਸਲ ਇਹ ਮਲਵੇ 'ਚ ਲਈ ਇਨਕਲਾਬੀਆਂ ਦੀ ਐਸੀ ਅੰਗੜਾਈ ਹੈ ਜਿਸ ਤੇ ਇਕ ਵਿਸ਼ਵਾਸ਼ ਬੱਝਦਾ ਕਿ ਇਹ ਮਾਲਵੇ ਖੇਤਰ ਦੀ ਪਿਛਲੇ ਸਮੇਂ ਦੀ ਚੁੱਪ ਤੋੜਨ ਵਿਚ ਅਪਣਾ ਰੋਲ ਅਦਾ ਕਰ ਸਕੇਗੀ। ਆਉਣ ਵਾਲੇ ਦਿਨਾਂ ਵਿਚ ਸ਼ਹੀਦ ਅਵਤਾਰ ਢੁੱਡੀਕੇ ਦੀ ਯਾਦ 'ਚ ਇਸੇ ਮੋਗੇ ਦੇ ਇਲਾਕੇ ਵਿਚ ਇਕ ਵੱਡੀ ਸ਼ਹੀਦੀ ਕਾਨਫਰੰਸ ਇਨਕਲਾਬੀ ਕੇਂਦਰ ਵਲੋਂ ਅਯੋਜਤ ਕੀਤੀ ਜਾ ਰਹੀ ਹੈ। ਸਾਨੂੰ ਆਸ ਹੈ ਕਿ ਇਸ ਕਾਨਫਰੰਸ ਨੂੰ ਨੇਪਰੇ ਚਾੜ੍ਹਨ ਲਈ ਨਾ ਸਿਰਫ ਸਮੁੱਚੇ ਇਲਾਕੇ ਦੇ ਇਨਕਲਾਬੀ ਹੀ ਦਿਨ ਰਾਤ ਇਕ ਕਰ ਦੇਣਗੇ ਸਗੋਂ ਅਜੇਹੀਆਂ ਇਨਕਲਾਬੀ ਤਾਕਤਾਂ ਨੂੰ ਅਪਣੇ ਨੇੜੇ ਲਿਆਉਣ ਵਿਚ ਸਫਲ ਹੋਣਗੇ ਜੋ ਕਿਸੇ ਛੋਟੇ ਮੋਟੇ ਕਾਰਨਾਂ ਕਰਕੇ ਕੇਂਦਰ ਵਿਚ ਨਹੀਂ ਆ ਸਕੇ। ਆਉ ਇਨਕਲਾਬ ਦਾ ਸੁਨੇਹਾ ਘਰ ਘਰ ਪਹੁੰਚਾਉਣ ਲਈ ਅਸੀਂ ਆਪਣੇ ਕਮਰ ਕੱਸੇ ਕਰ ਲਈਏ ਅਤੇ ਹਰ ਕਿਸਮ ਦੇ ਪਿਛਾਖੜੀ ਵਿਚਾਰਾਂ ਨੂੰ ਪੁੱਟ ਸੁੱਟੀਏ।

ਸੂਬਾ ਕਮੇਟੀ ਮੈਂਬਰ

**ਨਰਭਿੰਦਰ ਸਿੰਘ**

## ਨਾਟਕਕਾਰ ਗੁਰਸ਼ਰਨ ਸਿੰਘ ਪਲਸ ਮੰਚ ਤੇ ਮੌਜੂਦਾ ਸਥਿਤੀ/ਗੁਰਬਖਸ਼ ਜੱਸ

ਗੁਰਬਖਸ਼ ਜੱਸ ਹੋਰਾਂ ਦਾ ਇਕ ਲੇਖ ਹੇਠ ਦਿਤਾ ਜਾ ਰਿਹਾ ਹੈ। ਇਸਦੀਆਂ ਕੁਝ ਧਾਰਨਾਵਾਂ ਨਾਲ ਵਿਸ਼ੇਸ਼ ਕਰਕੇ ਇਨਕਲਾਬੀ ਏਕਤਾ ਕੇਂਦਰ ਦੀ ਲੋੜ ਬਾਰੇ ਮੈਂ ਸਹਿਮਤ ਨਹੀਂ, ਪਰ ਫੇਰ ਵੀ ਗੁਰਬਖਸ਼ ਜੱਸ ਹੋਰਾਂ ਨੂੰ ਮੈਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਪਲਸ਼ ਮੰਚ ਦੀ ਕਿਸੇ ਕਾਰਵਾਈ ਤੋਂ ਆਪਣੇ ਆਪ ਨੂੰ ਵੱਖ ਨਹੀਂ ਕਰ ਰਿਹਾ। ਪਲ ਮੰਚ ਦੇ ਅਹੁਦੇਦਾਰਾਂ ਦੀ ਚੋਣ 5 ਜੁਲਾਈ ਸਵੇਰੇ 10 ਵਜੇ ਪੰਜਾਬ ਭਵੇਨ ਲੁਧਿਆਨਾ ਵਿਚ ਹੋ ਰਹੀ ਹੈ। ਇਸ ਚੋਣ ਵਿਚ ਸਾਰੀਆਂ ਧਿਰਾਂ ਹਿੱਸਾ ਲੈ ਰਹੀਆਂ ਹਨ। ਮੇਰੀ ਆਪਣੀਆਂ ਹੋਰ ਸਰਗਰਮੀਆਂ ਕਰਕੇ ਮਜਬੂਰੀ ਹੈ ਕਿ ਮੈਂ ਪ੍ਰਧਾਨਗੀ ਦੇ ਅਹੁਦੇ ਦੀ ਜ਼ਿਮੇਂਵਾਰੀ ਹੋਰ ਨਹੀਂ ਨਿਭਾ ਸਕਾਂਗਾ। ਪਲਸ ਮੰਚ ਦੀ ਜਿਹੜੀ ਵੀ ਨਵੀਂ ਟੀਮ ਪਲਸ ਮੰਚ ਦੇ ਕੰਮ ਨੂੰ ਅਗੇ ਲਿਜਾਣ ਲਈ ਚੁਣੀ ਜਾਏਗੀ, ਮੇਰਾ ਅਤੇ ਸਾਡੇ ਨਾਟਕ ਗਰੁੱਪ ਦਾ ਉਹਦੇ ਨਾਲ ਪੂਰਾ ਸਹਿਯੋਗ ਹੋਵੇਗਾ। ਮੇਰੇ ਵਿਚਾਰ ਅਨੁਸਾਰ ਪਲਸ ਮੰਚ ਕੋਈ ਸੰਕਟ ਦੀ ਸਥਿਤੀ ਵਿਚ ਨਹੀਂ ਅਤੇ ਆਉਣ ਵਾਲੇ ਸਮੇਂ ਵਿਚ ਇਹ ਸੰਸਥਾ ਇਨਕਲਾਬੀ ਸਭਿਆਚਾਰ ਦੇ ਵਾਧੇ ਲਈ ਆਪਣੀ ਭੂਮਿਕਾ ਨਿਭਾਵੇਗੀ।

**ਗੁਰਸ਼ਰਨ ਸਿੰਘ**

ਪਿਛਲੇ ਚਾਰ ਪੰਜ ਮਹੀਨਿਆਂ ਤੋਂ ਨਾਟਕਕਾਰ ਗੁਰਸ਼ਰਨ ਸਿੰਘ, ਪੰਜਾਬ ਲੋਕ ਸਭਿਆਚਾਰਕ ਮੰਚ ਦੀ ਮੌਜੂਦਾ ਸਥਿਤੀ, ਇਹਦੇ ਭਵਿਖ ਅਤੇ ਰੋਲ ਬਾਰੇ ਪੱਤਰ-ਕਾਰਾਂ ਅਤੇ ਸਾਹਿਤਕ ਹਲਕਿਆਂ ਵਿਚ ਲਗਾਤਾਰ ਬਹਿਸ਼-ਵਿਚਾਰ ਚਲਦੀ ਰਹੀ ਹੈ। ਪਲਸ ਮੰਚ ਨੇ ਆਪਣੀਆਂ ਸਾਹਿਤਕ ਸਭਿਆਚਾਰਕ ਸਰਗਰਮੀਆਂ ਅਤੇ ਸੰਘਰਸ਼ ਦੇ ਪੰਜ ਸਾਲ ਪੂਰੇ ਕਰ ਲਏ। ਬਹੁਤ ਸਾਰੇ ਉਤਰਾਵਾਂ ਚੜ੍ਹਾਵਾਂ ਵਿਚੋਂ ਗੁਜ਼ਰਕੇ ਇਹ ਵੀ ਹੁਣ ਇਕ ਸਥਾਪਤ ਸਭਿਆਚਾਰਕ-ਸਾਹਿਤਕ ਸੰਸਥਾ ਬਣ ਗਈ ਹੈ-ਬਹੁਤ ਸਾਰੇ ਨਵੇਂ ਅਤੇ ਪੁਰਾਣੇ ਲੇਖਕ ਹੁਣ ਇਹਦੀਆਂ ਪ੍ਰਾਪਤੀਆਂ ਅਤੇ ਦੇਣ ਤੋਂ ਪ੍ਰਭਾਵਤ ਹੋ-ਕੇ ਇਹਦੇ ਵਲ ਖਿਚੇ ਗਏ ਹਨ ਅਤੇ ਉਹ ਇਹਦੀ ਆਉਣ ਵਾਲੀ ਸੂਬਾਈ ਚੋਣ ਵਿਚ ਬੜੀ ਸੰਜੀਦਗੀ ਨਾਲ ਹਿੱਸਾ ਲੈਣ ਲਈ ਕਮਰ ਕੱਸੇ ਕਰ ਰਹੇ ਹਨ। ਪਲਸ ਮੰਚ

ਦਾ ਇਹ ਬੂਟਾ 14 ਮਾਰਚ 1982 ਨੂੰ ਨਾਟਕਕਾਰ ਗੁਰਸ਼ਰਨ ਸਿੰਘ ਨੇ ਆਪਣੇ ਹੱਥੀਂ ਲਾਇਆ ਸੀ ਅਤੇ ਉਨ੍ਹਾਂ ਨੂੰ ਇਸ ਮੰਚ ਦਾ ਪ੍ਰਧਾਨ ਥਾਪਿਆ ਗਿਆ ਸੀ ਅਤੇ ਹੁਣ ਤਕ ਓਹੀ ਇਹਦੇ ਪ੍ਰਧਾਨ ਚਲੇ ਆ ਰਹੇ ਹਨ। ਭਾਵੇਂ ਇਹ ਮੰਨਣਯੋਗ ਹੈ ਕਿ ਲੋਕ-ਪੱਖੀ ਸਾਹਿਤ ਤੇ ਸਭਿਆਚਾਰ ਸਮਾਜ ਵਿਚ ਉਠੀਆਂ ਜਮਹੂਰੀ ਲਹਿਰਾਂ ਵਿਚੋਂ ਹੀ ਪ੍ਰਵਾਨ ਚੜ੍ਹਦਾ ਹੈ, ਪਰ ਮੋੜਵੇਂ ਰੂਪ ਵਿਚ ਵਧੀਆ ਨਰੋਏ ਸਾਹਿਤ ਤੇ ਸਭਿਆਚਾਰ ਦਾ ਪ੍ਰਚਾਰ ਵੀ ਕਈ ਵਾਰ ਅਜੇਹੀਆਂ ਲਹਿਰਾਂ ਨੂੰ ਜਨਮ ਦੇ ਜਾਂਦਾ ਹੈ। ਪਲਸ ਮੰਚ ਦੀ ਸਥਾਪਨਾ ਤੋਂ ਪਹਿਲਾਂ ਪੰਜਾਬ ਵਿਚ ਅਸੀਂ ਇਕ ਅਜੀਬੋ-ਗਰੀਬ ਉਲਾਰ ਸਾਹਿਤਕ-ਸਭਿਆ-ਚਾਰਕ ਸਥਿਤੀ ਵਿਚੋਂ ਗੁਜ਼ਰ ਰਹੇ ਸਾਂ—ਸਾਡੇ ਗ਼ਜ਼ਲ ਦਰਬਾਰ ਅਤੇ ਕਵੀ ਦਰਬਾਰ ਸ਼ਰਾਬ ਖ਼ਾਨੇ ਬਣ ਗਏ ਸਨ—ਪੰਜਾਬੀ ਦੇ ਬਹੁਤ ਸਾਰੇ ਕਵੀ, ਲੇਖਕ ਅਤੇ ਬੁਧੀ-ਜੀਵੀ ਭਾਂਜਵਾਦ, ਲਚਰਵਾਦ ਸਰਕਾਰ ਪ੍ਰਸਤੀ ਤੇ ਮੌਕਾਪ੍ਰਸਤੀ ਦਾ ਸ਼ਿਕਾਰ ਹੋ ਰਹੇ ਸਨ—ਬਹੁਤ ਸਾਰੇ ਬੁਧੀ-ਜੀਵੀ ਆਪਣੇ ਪੰਡਤਾਉਪੁਣੇ (Scholasticism) ਨਾਲ ਨਵੇਂ ਲੇਖਕਾਂ ਅਤੇ ਪਾਠਕਾਂ ਨੂੰ ਸਾਹਿਤ ਦੇ ਮੰਤਵ ਬਾਰੇ ਭੰਬਲਭੂਸਿਆਂ ਵਿਚ ਵੀ ਪਾ ਰਹੇ ਸਨ—ਪੰਜਾਬੀ ਦੇ ਕੁਝ ਸਥਾਪਤ ਗਲਪਕਾਰ ਅਤੇ ਕਵੀ ਪੰਜਾਬ ਦੀ ਫਿਰਕੂ ਦਹਿਸ਼ਤਗਰਦੀ ਦਾ ਐਲਾਨੀਆ ਸਮਰਥਨ ਵੀ ਕਰ ਰਹੇ ਸਨ (ਪੰਜਾਬੀ ਕੌਮ ਦੀ ਮੁਕਤੀ ਦੇ ਨਾਂ ਤੇ) ਇਹੋ ਜਿਹੇ ਘਚੋਲਿਆਂ ਅਤੇ ਸੰਕਟ ਦੇ ਸਮੇਂ ਇਕ ਗੰਭੀਰ ਸਵਾਲ ਉਠਿਆ ਕਿ ਲੋਕ-ਪਖੀ ਸਾਹਿਤ ਸਭਿਆਚਾਰ ਦਾ ਝੰਡਾ ਕੌਣ ਚੁਕੇ ਅਤੇ ਕਿਵੇਂ ਚੁੱਕਿਆ ਜਾਵੇ? ਸਾਹਿਤ ਤੇ ਸਭਿਆਚਾਰ ਅੰਦਰ ਆਈ ਜਮੂਦ ਦੀ ਅਵਸਥਾ ਨੂੰ ਕਿਵੇਂ ਤੋੜਿਆ ਜਾਵੇ—ਇਸ ਗੰਭੀਰ ਚੁਣੌਤੀ ਦਾ ਮੁਕਾਬਲਾ ਕਰਨ ਲਈ ਹੀ ਨਾਟਕਕਾਰ ਗੁਰਸ਼ਰਨ ਸਿੰਘ ਦੀ ਪ੍ਰਧਾਨਗੀ ਹੇਠ ਲੋਕ-ਪਖੀ ਕਲਾਕਾਰਾਂ ਅਤੇ ਲੇਖਕਾਂ ਦਾ 14 ਮਾਰਚ 1982 ਨੂੰ ਪਿੰਡ ਨਸਰਾਲੀ (ਲੁਧਿਆਣਾ) ਵਿਖੇ ਇਕ ਵੱਡਾ ਇਕੱਠ ਹੋਇਆ ਅਤੇ ਇਥੇ ਹੀ ਪੰਜਾਬ ਲੋਕ ਸਭਿਆਚਾਰਕ ਮੰਚ ਦੀ ਨੀਂਹ ਰੱਖੀ ਗਈ ਸੀ। ਇਹ ਸਾਹਿਤ ਸਭਿਆਚਾਰਕ ਸੰਸਥਾ ਵਜੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਵਿਰੋਧ ਵਿਚ ਜਾਂ ਸਮਾਨਅੰਤਰ ਸੰਸਥਾ ਵਜੋਂ ਨਹੀਂ ਸਗੋਂ ਇਹਦੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਹੋਂਦ ਵਿਚ ਆਈ ਸੀ। ਕੇਂਦਰੀ ਪੰਜਾਬੀ ਲੇਖਕ ਸਭਾ ਆਪਣੇ ਲੇਖਕਾਂ ਦੀਆਂ ਕਿਰਤਾਂ ਬਾਰੇ ਅਕਾਦਮਿਕ ਪੱਧਰ ਦੀਆਂ ਗੋਸ਼ਟੀਆਂ ਕਰਵਾਉਣ ਜਾਂ ਪੰਜਾਬ ਦੇ ਸਰਕਾਰੀ ਦਫਤਰਾਂ ਅਤੇ ਅਦਾਰਿਆਂ ਵਿਚ ਪੰਜਾਬੀ ਨੂੰ ਲਾਗੂ ਕਰਵਾਉਣ ਲਈ ਹੀ ਜ਼ਿਆਦਾ ਸਰਗਰਮ ਅਤੇ ਚਿੰਤਤ ਰਹੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਦੀਆਂ ਮੌਜੂਦਾ ਹਾਲਤਾਂ ਦੇ ਸੰਬੰਧ ਵਿਚ ਕੀ ਕੇਂਦਰੀ ਲੇਖਕ ਸਭਾ ਲਈ ਦੋ ਨੁਕਾਤੀ ਪ੍ਰੋਗਰਾਮ ਹੀ ਕਾਫ਼ੀ ਸੀ? ਅਜੇਹੀ ਸਥਿਤੀ ਦੇ ਪ੍ਰਸੰਗ ਵਿਚ ਮੈਂ ਪੰਜਾਬੀ ਦੇ ਬਹੁ-ਪੱਖੀ ਲੇਖਕ ਕਿਰਪਾਲ ਸਿੰਘ ਆਜ਼ਾਦ ਦੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਬੁਲਿਟਨ 'ਪੰਜਾਬੀ ਲੇਖਕ' ਵਿਚ ਪ੍ਰਗਟਾਏ ਵਿਚਾਰ ਦੁਹਰਾਉਣੇ ਚਾਹਾਂਗਾ।

"ਅੱਜ ਉਠੇ ਜਾਂ ਕੱਲ—ਜਦੋਂ ਕਦੇ ਵੀ ਅਜੋਕੀ ਪੰਜਾਬੀ ਸਾਹਿਤ ਰਚਨਾ ਦਾ ਮੁਲਾਂਕਣ ਹੋਇਆ—ਇਹ ਪ੍ਰਸ਼ਨ ਜ਼ਰੂਰ ਉਠੇਗਾ ਕਿ ਪੰਜਾਬੀ ਸਾਹਿਤਕਾਰ ਨੇ ਅਤਿਵਾਦੀ ਦੌਰ ਵਿਚ ਕੀ ਰੋਲ ਨਿਭਾਇਆ? ਅੱਜ ਲਗਭਗ ਚਾਰ ਦਹਾਕੇ ਪਹਿਲਾਂ ਜਦ ਕਿ ਦੇਸ਼ ਵੰਡ ਕਰਾਉਣ ਲਈ ਦੰਗੇ ਫਸਾਦ ਹੋ ਰਹੇ ਸਨ—ਫਿਰਕੂ ਜ਼ਹਿਰ ਘੋਲਿਆ ਜਾ ਰਿਹਾ ਸੀ, ਪੰਜਾਬੀ ਸਾਹਿਤਕਾਰਾਂ ਨੇ ਦੇਸ਼ ਭਰ ਦੇ ਸਾਹਿਤਕਾਰਾਂ ਨਾਲ ਰਲਕੇ ਭਾਸ਼ਾ ਤੋਂ ਉਪਰ ਉੱਠ ਕੇ ਮਾਨਵਤਾਵਾਦ ਦਾ ਬਿਰਦ ਪਾਲਿਆ ਸੀ। ਉਸ ਸਮੇਂ ਸਾਹਿਤਕਾਰ ਦੇਸ਼ ਦੀ ਵੰਡ ਨੂੰ ਤਾਂ ਨਾ ਰੋਕ ਸਕੇ ਪਰ ਅਗਵਾਨੂ ਪੰਜਾਬੀ ਲੇਖਕਾਂ ਨੇ ਭਰਾ ਮਾਰ ਫ਼ਸਾਦ ਅਤੇ ਦੇਸ਼ ਵੰਡ ਕਰਵਾ ਰਿਹਾ ਸਾਮਰਾਜੀ ਹੱਥ ਦੇਖਿਆ ਸੀ ਅਤੇ ਵਾਹ ਲਗਦੀ ਦਿਖਾਇਆ ਵੀ ਸੀ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਹਰ ਪਖੋਂ ਛੁਟਿਆਈ ਪੰਜਾਬੀ ਭਾਸ਼ਾ ਨੂੰ ਇਸਦਾ ਹੱਕੀ ਸਥਾਨ ਦਿਵਾਉਣਾ ਮਾਨਵਵਾਦੀ ਕਾਰਜ ਸੀ, ਜਿਸਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਕੀਤਾ ਹੈ। ਇਸ ਵਿਚ ਵੀ ਸੰਦੇਹ ਨਹੀਂ ਕਿ ਪੰਜਾਬੀ ਨਾਲ ਨਿਪਟ ਧਾਰਮਿਕ ਅਤੇ ਪੇਸ਼ਾਵਰ ਸਨੇਹ ਰੱਖਣ ਵਾਲੇ ਵੀ ਇਸ ਕਾਰਜ 'ਚ ਨਿਤਰੇ ਹਨ। ਇੰਜ ਅਜੇ ਤੱਕ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਥੇਬੰਦਕ ਧੁਰਾ ਪੰਜਾਬੀ ਪਿਆਰ ਹੀ ਰਿਹਾ ਹੈ। ਇਸ ਸੰਬੰਧ ਵਿਚ ਮੇਰੀ ਸਨਿਮਰ ਰਾਏ ਹੈ: ਲੇਖਕ ਅਤੇ ਲੇਖਣੀ ਦਾ ਮੁਖ ਉਦੇਸ਼-ਪਰਮਾਰਥਕ ਤੋਂ ਲੈ ਕੇ ਵਿਗਿਆਨਕ ਤਕ ਮਾਨਵਵਾਦ (ਜਾਂ ਇਉਂ ਕਹਿ ਲਵੋ ਸਮਾਜਵਾਦੀ ਮਾਨਵਵਾਦ) ਹੀ ਹੋ ਸਕਦਾ ਹੈ, ਭਾਸ਼ਾਈ ਮਸਲਾ ਨਹੀਂ। ਇਸੇ ਵਿਚਾਰ ਨੂੰ ਮੁਖ ਰਖ ਕੇ ਹੀ ਇਨ੍ਹਾਂ ਸਤਰਾਂ ਦੇ ਲੇਖਕ ਨੇ ਪੰਜਾਬੀ ਲੇਖਕ' ਦੇ ਕਿਸੇ ਪਿਛਲੇ ਅੰਕ ਵਿਚ 'ਭਾਸ਼ਾ ਨਹੀਂ ਮਾਨਵਵਾਦ' ਉਪਰ ਟੇਕ ਰੱਖਣ ਦੀ ਬੇਨਤੀ ਕੀਤੀ ਸੀ।

...ਸਮੇਂ ਸਿਰ ਹੱਕ ਦੀ ਆਵਾਜ਼ ਚੁਕਣੀ ਹੀ ਕਲਮ ਤੇ ਕਲਮਕਾਰ ਦਾ ਕਰਤੱਵ ਜੋ ਕਿਵੇਂ ਵੀ ਹਥਿਆਰ ਚੁਕਣ ਤੋਂ ਘੱਟ ਨਹੀਂ। ...ਲੇਖਕ ਦਾ ਮਾਨਵਵਾਦੀ ਬਿਰਦ ਤਾਂ ਹੀ ਪਾਲਿਆ ਜਾ ਸਕਦਾ ਹੈ ਜੇ ਅੱਤਵਾਦ, ਵੱਖਵਾਦ ਅਤੇ ਮਾਨਵ-ਦੋਖੀ ਕਿਸੇ ਵੀ ਕਾਜ਼

ਜਾਂ ਸ਼ੁਕਤੀ ਦੀਆਂ ਅੱਖਾਂ ਵਿਚ ਅੱਖਾਂ ਪਾਕੇ ਕਲਮ ਚੁੱਕੀ ਤੇ ਫੁਾਹੀ ਜਾਵੇ।

ਸਮਕਾਲੀ ਪ੍ਰਸਥਿਤੀਆਂ ਵਿਚ, 'ਆਜ਼ਾਦ' ਹੁਰਾਂ ਦੇ ਪ੍ਰਗਟਾਏ ਉਪਰੋਕਤ ਵਿਚਾਰ ਇਕ ਢੰਗ ਨਾਲ ਪੰਜਾਬੀ ਸਾਹਿਤਕਾਰਾਂ ਅਤੇ ਕਲਾਕਾਰਾਂ ਦੇ ਰੋਲ ਦਾ ਨਿਚੋੜ ਪੇਸ਼ ਕਰ ਰਹੇ ਹਨ। ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਸਾਡੇ ਲੇਖਕਾਂ ਅਤੇ ਕਲਾਕਾਰਾਂ ਦੇ ਛੋਟੇ ਮੋਟੇ ਵੱਖਰੇਵੇਂ ਜਾਂ ਮਤਭੇਦ ਤਾਂ ਹੋ ਸਕਦੇ ਹਨ, ਪਰੰਤੂ ਇਸ ਖੇਤਰ ਵਿਚ ਉਦਾਰਵਾਦੀ ਅਤੇ ਦੂਰਦਰਸ਼ੀ ਹੋ ਕੇ ਵਡੇਰੇ ਕੈਨਵੈਸ ਤੇ ਵਿਚਰਨਾ ਹੋਵੇ ਤਾਂ ਸੁਹਿਰਦਤਾ ਅਤੇ ਸੰਜੀਦਗੀ ਸਾਥੋਂ ਏਹੀ ਮੰਗ ਕਰਦੇ ਹਨ ਕਿ ਅਸੀਂ ਸਭਿਆਚਰਕ ਕਾਮੇ ਤੇ ਲੇਖਕ ਆਪਣੇ ਨਿੱਕੇ ਮੋਟੇ ਸਿਆਸੀ ਮਤਭੇਦਾਂ ਅਤੇ ਵਖਰੇਵਿਆਂ ਨੂੰ ਸਾਹਿਤ ਤੇ ਕਲਾ ਤੇ ਭਾਰੂ ਬਣਾਕੇ ਲੋਕਾਂ ਵਿਚ ਆਪਣਾ 'ਜਲੂਸ' ਨਾ ਕੱਢੀਏ। ਜਦੋਂ ਕੋਈ ਵਿਸ਼ੇਸ਼ ਸਿਆਸੀ ਗਰੁਪ ਸਾਹਿਤ ਤੇ ਸਭਿਆਚਾਰ ਦੇ ਖੇਤਰ ਵਿਚ ਪਹਿਲਕਦਮੀ ਕਰਕੇ ਕੋਈ ਚੰਗਾ ਠੋਸ ਅਮਲ ਸ਼ੁਰੂ ਕਰਦਾ ਹੈ ਤਾਂ ਦੂਸਰੀਆਂ ਜਮਹੂਰੀ ਸੰਸਥਾਵਾਂ ਨੂੰ ਇਹਨੂੰ ਛੁਟਿਆਉਣ ਦੀ ਕੋਸ਼ਸ਼ ਨਹੀਂ ਕਰਨੀ ਚਾਹੀਦੀ ਸਗੋਂ ਇਸ ਅਮਲ ਨੂੰ ਹੋਰ ਵੀ ਅਗਾਂਹ ਲੈ ਜਾਣ ਦੀ ਕੋਸ਼ਸ਼ ਜੁਟਾਉਣੀ ਚਾਹੀਦੀ ਹੈ। ਪਰੰਤੂ ਸੱਚ ਇਹ ਹੈ ਕਿ ਵੱਖ ਵੱਖ ਧਿਰਾਂ ਆਪਣੀ ਆਪਣੀ ਚੌਧਰ ਸਥਾਪਤ ਕਰਨ ਲਈ ਜ਼ਰੂਰ ਕੋਈ ਨਾ ਕੋਈ ਹੋਛੇ ਹਥ ਕੰਡੇ ਵਰਤਦੀਆਂ ਹਨ ਜਿਹੜੇ ਕਿ ਆਮ ਬੁਰਜੂਆ ਸੰਸਥਾਵਾਂ—ਵਰਤਦੀਆਂ ਹਨ—ਇਹ ਇਕ ਅਜੇਹਾ ਵਰਤਾਰਾ ਹੈ ਜਿਵੇਂ ਸਾਹਿਤ ਤੇ ਸਭਿਆਚਾਰ ਦੇ ਖੇਤਰ ਵਿਚ ਵੀ ਆਪਸ ਵਿਚ ਕੋਈ ਬਾਜ਼ੀ ਮਾਰ ਲੈਣੀ ਹੋਵੇ। ਜੇ ਸਥਿਤੀ ਅਜੇਹੀ ਹੀ ਹੈ ਤਾਂ ਸਾਡੀਆਂ ਆਪਣੀਆਂ ਅਤੇ ਬੁਰਜੂਆ ਸੰਸਥਾਵਾਂ ਵਿਚ ਕੀ ਅੰਤਰ ਹੋਇਆ? ਸਿੱਟਾ ਇਹ ਨਿਕਲਦਾ ਹੈ ਕਿ ਜਦੋਂ ਅਸੀਂ ਇਕ ਦੂਸਰੇ ਵਿਰੁਧ 'ਬਾਜ਼ੀ ਮਾਰ ਲੈਣ' ਦੇ ਚੱਕਰ ਵਿਚ ਗੁੱਥਮਗੁਥਾ ਹੋ ਰਹੇ ਹੁੰਦੇ ਹਾਂ, ਤਾਂ ਅਸੀਂ ਜਿਨ੍ਹਾਂ ਲੋਕਾਂ ਨੂੰ ਆਪਣੇ ਨੇੜੇ ਲਿਆਉਣਾ ਹੁੰਦਾ ਹੈ ਉਹ ਸਾਥੋਂ ਹੋਰ ਵੀ ਦੂਰ ਚਲੇ ਜਾਂਦੇ ਹਨ। ਨਾਟਕਕਾਰ ਗੁਰਸ਼ਰਨ ਸਿੰਘ ਦੀ ਸਰਪ੍ਰਸਤੀ ਹੇਠ ਪੰਜਾਬ ਲੋਕ ਸਭਿਆਰਕ ਮੰਚ ਵਲੋਂ ਲੋਕ ਪਖੀ ਗੀਤਾਂ ਦੀ ਪਹਿਲੀ ਕੈਸਟ ਰਲੀਜ਼ ਕਰਨ ਤੋਂ ਲੈ ਕੇ ਪਲਸਮੰਚ ਦੇ ਸਭਿਆਚਾਰਕ ਸਮਾਗਮਾਂ ਵਿਚ ਸਮੇਂ ਸਮੇਂ ਹੋਈਆਂ ਗਤੀ ਵਿਧੀਆਂ ਬਾਰੇ ਅਨੇਕਾਂ ਅਜੇਹੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਜਦੋਂ ਲੋਕਾਂ ਲਈ ਸਮੂਹਕ ਤੌਰ ਤੇ ਕੰਮ ਕਰਨ ਦੀ ਬਜਾਏ ਇਕੋ ਧਿਰ ਵਲੋਂ ਹਰ ਵਾਰ 'ਬਾਜ਼ੀ ਮਾਰ ਲੈਣ' ਨੂੰ ਹੀ ਤਰਜੀਹ ਦਿੱਤੀ ਜਾਂਦੀ ਰਹੀ ਅਤੇ ਹੁਣ ਵੀ ਇਹ ਪ੍ਰਕਿਰਿਆ ਉਵੇਂ ਹੀ ਜਾਰੀ ਹੈ। ਇਕ ਦੂਸਰੇ ਵਿਰੁੱਧ ਅਜੇਹੀ 'ਬਾਜ਼ੀ ਮਾਰ ਲੈਣ' ਦੀ ਬਜਾਏ ਕਿਉਂ ਨਾ ਅਸੀਂ ਆਪਣੇ ਮਿਹਨਤਕਸ਼ ਲੋਕਾਂ ਲਈ ਕੋਈ ਯੋਜਨਾ-ਬਧ ਸਾਰਥਕ ਕੰਮ ਕਰੀਏ—ਸਾਡੇ ਲਈ ਤਾਂ ਓਹੀ ਵੱਡਾ ਮਾਅਰਕਾ ਹੋਵੇਗਾ ਜਦੋਂ ਅਸੀਂ ਮਿਹਨਤੀ ਲੋਕਾਂ ਦੇ ਵਿਸ਼ਾਲ ਸਮੂਹ ਨੂੰ ਨਾਲ ਲੈ ਕੇ ਕੋਈ ਵਡੀ ਜਮਹੂਰੀ ਲਹਿਰ ਉਸਾਰ ਲਵਾਂਗੇ। ਜਿਨ੍ਹਾਂ ਚਿੰਤਕਾਂ ਅਤੇ ਸਭਿਆ-ਚਾਰਕ ਕਾਮਿਆਂ ਨੂੰ ਮੁਖਾਤਬ ਹੋ ਕੇ ਇਹ ਗੱਲ ਕੀਤੀ ਜਾ ਰਹੀ ਹੈ ਉਹ ਖੁਦ ਆਪ ਹੀ ਆਪਣੀ ਜ਼ਮੀਰ ਦੀ ਆਵਾਜ਼ ਸੁਣਕੇ ਸਭ ਕੁਝ ਸਮਝ ਜਾਣਗੇ। ਏਕਤਾ ਕੇਂਦਰ ਦੇ ਸਥਾਪਨਾ ਦਿਵਸ ਤੇ ਹਾਜ਼ਰ ਧੜਿਆਂ ਵਲੋਂ ਆਪਣੇ ਵਿਰੋਧੀਆਂ ਲਈ ਵਰਤੀ ਗਈ ਅਤਿ ਦਰਜੇ ਦੀ ਬੇਹੂਦਾ ਸ਼ਬਦਾਵਲੀ ਸੁਣਕੇ ਜ਼ਿਹਨ ਵਿਚ ਕਈ ਸਵਾਲ ਉਠੇ ਕਿ ਜਿਨ੍ਹਾਂ ਲੋਕਾਂ ਨੇ ਸਮਾਜ ਵਿਚ ਬੁਨਿਆਦੀ ਤਬਦੀਲੀ ਲਿਆਉਣੀ ਹੈ ਕੀ ਓਹ ਅਜੇਹੇ ਈਰਖਾਲੂ, ਵਿਅਕਤੀ ਵਾਦੀ ਅਤੇ ਸੰਕੀਰਣਤਾਵਾਦੀ ਲੋਕ ਹੀ ਹੋਣਗੇ—ਇਹ ਉਹ ਲੋਕ ਸਨ ਜਿਨ੍ਹਾਂ ਨੇ ਸੰਸਾਰ ਦੇ ਮਹਾਨ ਚਿੰਤਕਾਂ ਦੀਆਂ ਮਹਾਨ ਕਿਰਤਾਂ ਪੜ੍ਹੀਆਂ ਹੋਈਆਂ ਹਨ ਅਤੇ ਉਹ ਵਡੇਰੀ ਵਿਦਵਤਾ ਦੇ ਮਾਲਕ ਵੀ ਹਨ। ਸੱਚ ਤਾਂ ਇਹ ਹੈ ਕਿ ਸਾਦਗੀ (ਹਰ ਤਰ੍ਹਾਂ ਦੀ) ਸਾਊਪੁਣੇ ਅਤੇ ਸਵੈ-ਤਿਆਗ ਦੇ ਸੱਚੇ ਵਿਚ ਢਲੇ ਹੋਏ ਉਹ ਆਦਰਸ਼ ਮਨੁਖ ਹੀ ਹੋ ਸਕਦੇ ਹਨ ਜਿਨ੍ਹਾਂ ਨੇ ਸਮਾਜ ਨੂੰ ਅਸਲੋਂ ਇਹ ਨਵੀਂ ਦਿਸ਼ਾ, ਇਕ ਨਵਾਂ ਰੂਪ ਪ੍ਰਦਾਨ ਕਰਨਾ ਹੈ। ਪ੍ਰੋਲੇਤਾਰੀ ਸਦਾਚਾਰ ਅਤੇ ਬੁਰਜੂਆ ਸਦਾਚਾਰ ਦੇ ਅਸੂਲਾਂ ਵਿਚ ਇਕ ਬੁਨਿਆਦੀ ਅੰਤਰ ਹੁੰਦਾ ਹੈ, ਪਰੰਤੂ ਇਥੋਂ ਦਾ ਵਾਤਾਵਰਣ ਦੇਖਕੇ ਮਹਿਸੂਸ ਹੁੰਦਾ ਸੀ ਜਿਵੇਂ ਬਰਜੂਆ ਸਦਾਚਾਰ ਦੇ ਅਸੂਲਾਂ ਨੂੰ ਵੀ ਤਿਲਾਂਜਲੀ ਦੇ ਦਿੱਤੀ ਗਈ ਹੋਵੇ।

ਸਾਹਿਤ-ਸਭਿਆਚਾਰ ਤੇ ਸਿਆਸਤ :—ਪਲਸ ਮੰਚ ਦੀ ਉਸਾਰੀ ਦੇ ਸਮੇਂ ਇਹਦੇ ਵਿਧਾਨ ਤੇ ਐਲਾਨ-ਨਾਮੇ ਬਾਰੇ ਹੋਈ ਬਹਿਸ ਦੌਰਾਨ ਇਹ ਨਿਰਣਾ ਲਿਆ ਗਿਆ ਸੀ ਕਿ ਪਲਸ ਮੰਚ ਵਲੋਂ ਜੁਟਾਈਆਂ ਜਾਣ ਵਾਲੀਆਂ ਸਾਹਿਤ - ਸਭਿਆਚਾਰਕ ਸਰਗਰਮੀਆਂ ਖੱਬੀ ਸੋਚ ਵਾਲੀ ਸਿਆਸਤ ਤੋਂ ਪ੍ਰੇਰਤ ਤਾਂ ਹੋ ਸਕਦੀਆਂ ਹਨ ਪਰੰਤੂ ਕਿਸੇ ਵਿਸ਼ੇਸ਼ ਸਿਆਸੀ ਧਿਰ ਦਾ ਪਲਸ ਮੰਚ ਉਤੇ ਗਲਬਾ ਨਹੀਂ ਹੋਵੇਗਾ। ਅਸੀਂ ਪਿਛਲੇ ਕੁਝ ਸਾਲਾਂ ਦੇ ਅਮਲ ਵਿਚ ਇਹ ਦੇਖਿਆ ਹੈ ਕਿ ਜਦੋਂ ਕੋਈ ਸਾਹਿਤ-ਸਭਿਆਚਾਰਕ ਸੰਸਥਾ ਕਿਸੇ ਵਿਸ਼ੇਸ਼ ਸਿਆਸੀ ਧਿਰ ਦੇ ਅਧੀਨ ਹੋ ਜਾਵੇ, ਤਾਂ ਇਹ ਅਖੀਰ ਵਿਚ ਖਿੰਡਾਅ ਦਾ ਸ਼ਿਕਾਰ ਹੋ ਕੇ ਲਗਭਗ ਖ਼ਤਮ ਹੀ ਹੋ ਜਾਂਦੀ ਹੈ। ਪੰਜਾਬੀ

ਦੀ ਕ੍ਰਾਂਤੀਕਾਰੀ ਸਾਹਿਤ ਸਭਾ ਦਾ ਹਸ਼ਰ ਸਾਡੇ ਸਾਹਮਣੇ ਹੈ, ਇਹ ਸਾਹਿਤ ਸਭਾ ਉਹਨਾਂ ਵਿਸ਼ੇਸ਼ ਸਿਆਸੀ ਵਿਅਕਤੀਆਂ ਦੀ ਹੀ ਸਭਾ ਬਣਕੇ ਰਹਿ ਗਈ, ਜਿਨ੍ਹਾਂ ਨੇ ਇਹਨਾਂ ਨੂੰ ਸ਼ੁਰੂ ਕੀਤਾ ਸੀ—ਇਹ ਕਦੇ ਵੀ ਪੰਜਾਬ ਦੇ ਸਮੂਹ ਲੋਕ-ਪੱਖੀ ਲੇਖਕਾਂ ਅਤੇ ਕਲਾਕਾਰਾਂ ਦੀ ਪ੍ਰਤਿਨਿਧ ਸੰਸਥਾਂ ਨਹੀਂ ਬਣ ਸਕੀ ਅਤੇ ਨਾ ਹੀ ਇਸ ਨੇ ਪਿਛਲੇ ਇਤਿਹਾਸ ਤੋਂ ਕੁਝ ਸਿਖਣ ਦੀ ਕੋਸ਼ਿਸ਼ ਕੀਤੀ। ਸੋ ਪਲਸ ਮੰਚ ਦੇ ਨਰੋਏ ਤੇ ਸਫਲ ਭਵਿਖ ਲਈ ਸਾਨੂੰ ਵੀ ਸਾਰਿਆਂ ਨੂੰ ਚਾਹੀਦੀ ਹੈ ਕਿ ਅਸੀਂ ਇਹਨੂੰ ਕਿਸੇ ਵਿਸ਼ੇਸ਼ ਸਿਆਸੀ ਧਿਰ ਦੀ ਸਰਪ੍ਰਸਤੀ ਤੋਂ ਮੁਕਤ ਰਖੀਏ—ਇਹਦੀ ਸਫਲਤਾ ਦੀ ਗਰੰਟੀ ਏਹੀ ਹੋਵੇਗੀ। ਪਲਸ ਮੰਚ ਵਿਚ ਆਏ ਮੌਜੂਦਾ ਸੰਕਟ ਦਾ ਇਕ ਵਡਾ ਕਾਰਣ ਇਹਦੇ ਪ੍ਰਧਾਨ ਨਾਟਕਕਾਰ ਗੁਰਸ਼ਰਨ ਸਿੰਘ ਦਾ ਏਕਤਾ ਕੇਂਦਰ ਵਰਗੀ ਸਿਆਂਸੀ ਜਥੇਬੰਦੀ ਦਾ ਕਨਵੀਨਰ ਬਣ ਜਾਣਾ ਵੀ ਹੈ। ਨਾਟਕਕਾਰ ਗੁਰਸ਼ਰਨ ਸਿੰਘ ਜੀ ਨੂੰ ਇਕ ਕਲਾਕਾਰ, ਲੇਖਕ, ਪੱਤਰਕਾਰ ਅਤੇ ਪਲਸ ਮੰਚ ਦੇ ਸੰਚਾਲਕ ਦੇ ਤੌਰ ਤੇ ਪੰਜਾਬ ਦੀਆਂ ਸਮੂਹ ਜਮਹੂਰੀ ਜਥੇਬੰਦੀਆਂ ਤੇ ਧਿਰਾਂ ਵਲੋਂ ਪੂਰਾ ਪੂਰਾ ਸਨਮਾਨ ਅਤੇ ਮਾਨਤਾ ਪ੍ਰਾਪਤ ਰਹੀ ਹੈ, ਪਰੰਤੂ ਫੇਰ ਵੀ ਪਤਾ ਨਹੀਂ ਕਿਹੜੀਆਂ ਮਜ਼ਬੂਰੀਆਂ ਅਤੇ ਕਾਰਣ ਸਨ ਜਿਨ੍ਹਾਂ ਕਰਕੇ ਉਨ੍ਹਾਂ ਨੂੰ ਇਕ ਵਿਸ਼ੇਸ਼ ਸਿਆਸੀ ਜਥੇਬੰਦੀ ਦਾ ਕਨਵੀਨਰ ਵੀ ਬਣਨਾ ਪਿਆ। ਜਿਸ ਕਰਕੇ 'ਸਮਤਾ' ਦੀ ਪਹੁੰਚ ਵਿਚ ਵੀ ਕਾਫੀ ਘਚੋਲਾ ਪੈ ਗਿਆ ਹੈ ਅਤੇ ਇਹਦੇ ਪਾਠਕ ਵੀ ਭੰਬਲਭੂਸੇ ਵਿਚ ਪੈ ਗਏ ਹਨ। ਵਿਸ਼ਾਲ ਆਧਾਰ ਸਾਹਿਤਿਕ ਤੇ ਸਭਿਆਚਾਰਕ ਹੋਣ ਕਾਰਣ ਇਸ ਵਿਚ ਉਹ ਸਾਰੇ ਕਲਾਕਾਰ, ਲੇਖਕ ਅਤੇ ਬੁਧੀਜੀਵੀ ਸਮਾ ਸਕਦੇ ਸਨ(ਸਰਕਾਂਰ ਜਾਂ ਗੈਰ-ਸਰਕਾਰੀ ਮੁਲਾਜ਼ਮ) ਜਿਹੜੇ ਕਈ ਕਾਰਣਾਂ ਕਰਕੇ ਸਿਧੇ ਰੂਪ ਵਿਚ ਸਿਆਸਤ ਵਿਚ ਉਲਝ ਨਹੀਂ ਸਕਦੇ। ਪਰੰਤੂ ਹੁਣ ਮੌਜੂਦਾ ਪ੍ਰਸਥਿਤੀਆਂ ਅੰਦਰ ਪਲਸ ਮੰਚ ਦੇ ਮੈਂਬਰ ਰਹਿਕੇ ਇਹਦੇ ਲਈ ਕੰਮ ਕਰਨਾ ਉਨ੍ਹਾਂ ਲਈ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੋ ਗਿਆ ਹੈ। ਪਲਸ ਮੰਚ ਨੂੰ ਇਕ ਮੁਠ ਰਖਣ ਲਈ ਇਹ ਮਸਲਾ ਹੁਣ ਬੁਨਿਆਦੀ ਸਵਾਲ ਬਣਕੇ ਸਾਡੇ ਸਾਹਮਣੇ ਆ ਗਿਆ ਗਿਆ ਹੈ। ਪਲਸ ਮੰਚ ਦੀ ਬਿਹਤਰੀ ਅਤੇ ਪਾਏਦਾਰੀ ਲਈ ਇਹ ਜ਼ਰੂਰੀ ਹੈ ਕਿ ਇਹਨੂੰ ਸਿਆਸੀ ਮੰਚ ਨਾ ਬਣਨ ਦੇਈਏ ਸਗੋਂ ਸਾਹਿਤ-ਸਭਿਆਚਾਰਕ ਮੰਚ ਹੀ ਰਖੀਏ।

ਨਾਟਕਕਾਰ ਗੁਰਸ਼ਰਨ ਸਿੰਘ ਜੀ ਦੇ ਰੋਲ ਬਾਰੇ :

'ਕੋਈ ਹਰਿਆ ਬੂਟ ਰਹੀਓ ਰੀ' ਤੋਂ ਲੈ ਕੇ 'ਦਾਸਤਾਨੇ-ਏ-ਪੰਜਾਬ' ਤਕ ਸਾਡਾ ਲੋਕ-ਪਖੀ ਨਾਟਕਾਰ, ਗੁਰਸ਼ਰਨ ਸਿੰਘ ਆਵਾਮੀ ਰੰਗ ਮੰਚ ਦਾ ਇਕੋ ਲੰਬਾ ਸਫਰ ਤੈਅ ਕਰ ਚੁਕਿਆ ਹੈ। ਆਵਾਮੀ ਰੰਗ ਮੰਚ, ਪੱਤਰਕਾਰੀ ਤੇ ਪ੍ਰਕਾਸ਼ਨਾ ਦੇ ਖੇਤਰ ਵਿਚ 30 ਸਾਲ ਲਗਾਤਾਰ ਅਡੋਲ ਕੰਮ ਕਰਦੇ ਰਹਿਣਾ ਕਿਸੇ ਕਲਾਕਾਰ ਜਾਂ ਲੇਖਕ ਲਈ ਛੋਟੀ ਪ੍ਰਾਪਤੀ ਨਹੀਂ ਹੁੰਦੀ। ਉਨ੍ਹਾਂ ਦੇ ਕੋਈ ਹਰਿਆ ਬੂਟ ਰਹੀਓ ਰੀ', ਇਨਕਲਾਬ ਜ਼ਿੰਦਾਬਾਦ', ਜੰਗੀ ਰਾਮ ਦੀ ਹਵੇਲੀ', 'ਟੋਆ', 'ਜਦੋਂ ਰੋਸ਼ਨੀ ਹੁੰਦੀ ਹੈ' ਅਤੇ ਧਮਕ ਨਗਾਰੇ ਦੀ ਵਰਗੇ ਕਲਾਸਕੀ ਨਾਟਕ ਵਰਤਮਾਨ ਸਮੇਂ ਅੰਦਰ ਹੀ ਨਹੀਂ, ਭਵਿਖ ਦੇ ਇਤਿਹਾਸ ਵਿਚ ਆਉਣ ਵਾਲੇ ਬਹੁਤ ਲੰਮੇਂ ਅਰਸੇ ਤਕ ਲੋਕ-ਮੁਕਤੀ ਲਈ ਲੜਨ ਵਾਲੇ ਲੋਕਾਂ ਨੂੰ ਪ੍ਰੇਰਨਾ ਅਤੇ ਉਤਸ਼ਾਹ ਦਿੰਦੇ ਰਹਿਣਗੇ, ਉਨ੍ਹਾਂ ਦੀ ਚੇਤਨਾ ਨੂੰ ਹਲੂਣਦੇ ਰਹਿਣਗੇ—ਮਨੁਖਤਾ ਦੇ ਰਾਹ ਤੇ ਅਡੋਲ ਚਲਦੇ ਰਹਿਣ ਲਈ ਉਨ੍ਹਾਂ ਦਾ ਪਥ ਪ੍ਰਦਰਸ਼ਨ ਕਰਦੇ ਰਹਿਣਗੇ। ਇਸ ਲਈ ਉਨ੍ਹਾਂ ਦੇ ਲੋਕ-ਪਖੀ ਕਲਾ ਦੇ ਖੇਤਰ ਵਿਚ ਕੀਤੀਆਂ ਗਈਆਂ ਘਾਲਣਾਵਾਂ ਅਤੇ ਪ੍ਰਾਪਤੀਆਂ ਨੂੰ ਕਦੇ ਵੀ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਦੀ ਅਥਾਹ ਸਿਰਜਣਾਤਮਕ ਸਮੱਰਥਾਂ ਨੂੰ ਦਾਦ ਦੇਣੀ ਹੀ ਬਣਦੀ ਹੈ। ਲੋਕਾਂ ਨੂੰ ਜਗੀਰੂ ਸੋਚ ਅਤੇ ਸੰਸਕਾਰਾਂ ਵਿਚੋਂ ਕਢਕੇ ਵੀਹਵੀਂ ਸਦੀ ਦੀ ਵਿਗਿਆਨਕ ਸੋਚ ਅਤੇ ਦ੍ਰਿਸ਼ਟੀਕੋਣ ਨਾਲ ਲੈਸ ਕਰਨ ਲਈ ਅਜੇ ਬਹੁਤ ਕੁਝ ਕਰਨ ਨੂੰ ਪਿਆ ਹੈ, ਭਾਰਤੀ ਦਰਸ਼ਨ ਅਤੇ ਇਤਿਹਾਸ ਨਾਲ ਸਬੰਧਤ ਭਾਵੇਂ ਅਜੇ ਬਹੁਤ ਸਾਰੇ ਸਵਾਲ ਅਧੂਰੇ ਪਏ ਹਨ, ਪਰੰਤੂ ਸਾਡੇ ਇਸ ਕਲਾਕਾਰ ਅਤੇ ਲੇਖਕ ਵਲੋਂ ਕੀਤੀ ਗਈ ਸ਼ੁਰਆਤ ਦੀ ਜਿੰਨੀ ਵੀ ਤਰੀਫ ਕੀਤੀ ਜਾਵੇ ਥੋੜੀ ਹੈ।

ਆਲੇ ਦੁਆਲੇ ਦਾ ਸਮੁਚਾ ਵਾਤਾਵਰਣ ਅਤੇ ਸਮਾਜਕ ਤਾਣਾ ਬਾਣਾ ਵੇਕਕੇ ਆਪ-ਮੁਹਾਰੇ ਸਾਡੇ ਜ਼ਿਹਨ ਵਿਚ ਇਕ ਸੁਆਲ ਉਠਦਾ ਹੈ ਕਿ ਅਸੀਂ ਮਾਰਕਸਵਾਦ ਦੀ ਵਿਗਿਆਨਕ ਵਿਚਾਰਧਾਰਾ ਅਤੇ ਸਮਾਜਵਾਦੀ ਮਾਨਵਵਾਦ ਦਾ ਅਲਮਬਰਦਾਰ, ਚਿੰਤਨ ਅਤੇ ਸਭਿਆ-ਚਾਰਕ ਕਾਮੇ ਅਤੇ ਕਲਾਕਾਰ ਸਾਧਾਰਣ ਲੋਕਾਂ, ਪੜ੍ਹੇ ਲਿਖੇ ਕਰਮਚਾਰੀਆਂ ਅਤੇ ਸਾਧਾਰਣ ਲੋਕਾਂ, ਪੜ੍ਹੇ ਲਿਖੇ ਕਰਮਚਾਰੀਆਂ ਅਤੇ ਸਾਧਾਰਣ ਲੋਕਾਂ ਵਿਚੋਂ ਕਿੰਨਿਆਂ ਨੂੰ ਉਨ੍ਹਾਂ ਦੇ ਜਮਾਂਦਰੂ ਤੁਅੱਸਵਪੁਣੇ, ਰੂੜ੍ਹੀਵਾਦੀ ਸੰਸਕਾਰ ਤੰਗ ਖਿਆਲੀ, ਵਿਅਕਤੀਵਾਦ ਅਤੇ ਪੁਰਾਤਨਪੰਥੀ ਜਗੀਰਦਾਰਾਨਾ ਹਉਮੈਂ ਤੋਂ ਨਿਖੇੜਕੇ ਆਪਣੀ ਵਿਗਿਆਨਕ ਸੋਚ ਨਾਲ ਤੋਰ ਸਕੇ ਹਾਂ—ਤੋਰਨ ਦੀ ਤਾਂ ਗੱਲ ਹੀ ਛੱਡੋ—ਸਥਿਤੀ ਤਾਂ ਏਨੀ ਨਾਜ਼ੁਕ ਹੈ ਕਿ ਅਸੀਂ ਉਨ੍ਹਾਂ ਨੂੰ ਆਪਣੇ ਖਾਮੋਸ਼ ਹਮਦਰਦ ਜਾਂ ਹਿਮਾਇਤੀ ਵੀ ਨਹੀਂ ਬਣਾ ਸਕੇ। ਮਸਲਾ ਇਹ ਹੈ ਕਿ ਸਾਹਿਤ ਅਤੇ ਸਭਿਆਚਾਰ

ਪ੍ਰਤੀ ਲਗਨ ਜਾਂ ਪਿਆਰ ਅਤੇ ਅਲੋਚਨਾਤਮਕ ਦ੍ਰਿਸ਼ਟੀ-ਕੋਣ (Critical Veiw) ਵੀ ਜਮਹੂਰੀ ਚੇਤਨਾ ਨਾਲ ਹੀ ਸ਼ੁਰੂ ਹੁੰਦਾ ਹੈ। ਜੇ ਕੋਈ ਜਮਹੂਰੀ ਲਹਿਰ ਹੋਵੇਗੀ ਤਾਂ ਲੋਕਾਂ ਵਿਚ-ਮਜ਼ਦੂਰਾਂ-ਮੁਲਾਜ਼ਮਾਂ ਤੇ ਵਿਦਿਆਰਥੀਆਂ ਵਿਚ ਜਮਹੂਰੀ ਚੇਤਨਾ ਦਾ ਸੰਚਾਰ ਵੀ ਹੋਵੇਗਾ ਅਤੇ ਉਨ੍ਹਾਂ ਵਿਚ ਲੋਕ-ਪੱਖੀ ਸਾਹਿਤ ਅਤੇ ਸਭਿਆਚਾਰ ਬਾਰੇ ਬਹੁਤ ਸਾਰੇ ਸਵਾਲ ਵੀ ਉਠਣਗੇ । ਕਹਿਣ ਨੂੰ ਜੋ ਮਰਜ਼ੀ ਕਹੀ ਜਾਓ, ਅਜੇ ਤੱਕ ਸਥਿਤੀ ਇਹ ਹੈ ਕਿ ਲੋਕ-ਪੱਖੀ ਸਾਹਿਤ ਨੂੰ ਪ੍ਰਣਾਏ ਹੋਏ ਬਹੁਤ ਸਾਰੇ ਲੇਖਕ ਅਤੇ ਕਲਾਕਾਰ ਆਪਣੇ ਆਲੇ ਦੁਆਲੇ ਮਖੌਲ ਦਾ ਪਾਤਰ ਹੀ ਬਣੇ ਹੋਏ ਹਨ। ਇਹਦੇ ਬਾਵਜੂਦ ਸਥਿਤੀ ਇਹ ਹੈ ਕਿ ਅਸੀਂ ਵੱਖ ਵੱਖ ਧਿਰਾਂ ਇਕ ਦੂਸਰੇ ਨੂੰ ਪਛਾੜਨ ਦੀ ਅੰਨੀ ਦੌੜ ਵਿਚ ਜੁਟੇ ਹੋਏ ਹਾਂ। ਸਾਡੇ ਕੁਝ ਸਿਆਸੀ ਧੜਿਆਂ ਨੇ ਨਿੱਤ ਨਵੇਂ ਥੀਸਜ਼, ਖੋਜ ਅਤੇ ਵਿਸ਼ਲੇਸ਼ਣ ਪੇਸ਼ ਕਰਨਾ ਅਤੇ ਪਿਛਲੇ ਨਿਰਣਿਆਂ ਨੂੰ ਰੱਦ ਕਰਨਾ ਹੀ ਆਪਣਾ ਮੁਖ ਮੁਖ ਮੰਤਵ ਬਣਾ ਲਿਆ ਹੈ। ਜਦੋਂ ਕੋਈ ਜਮਹੂਰੀ ਜਾਂ ਆਵਾਮੀ ਲਹਿਰ ਉਸਰਦੀ ਹੈ ਤਾਂ ਬਹੁਤ ਸਾਰੇ ਸਾਧਾਰਣ ਲੋਕ-ਬੁੱਧੀਜੀਵੀ ਅਤੇ ਕਲਾਕਾਰ ਘਰਾਂ, ਦਫ਼ਤਰਾਂ, ਸਕੂਲਾਂ, ਕਾਲਜਾਂ, ਕਾਰ- ਅਤੇ ਵਿਸ਼ਵਵਿਦਿਆਲਿਆਂ ਵਿਚੋਂ ਨਿਕਲਦੇ ਸੜਕਾਂ ਤੇ ਆ ਜੁੜਦੇ ਹਨ ਅਤੇ ਇਕ ਵਿਸ਼ਾਲ ਕਾਫਲਾ ਬਣ ਜਾਂਦਾ ਹੈ। ਵਿਦਿਆਲਿਆਂ, ਮਹਾਂਵਿਦਿਆਲਿਆਂ ਅਤੇ ਹੋਰ ਅਦਾਰਿਆਂ ਦੇ ਕਰਮਚਾਰੀਆਂ ਜਾਂ ਅਧਿਆਪਕਾਂ ਦੀ ਸਥਿਤੀ ਨੂੰ ਦੇਖੀਏ-ਤਾਂ ਅਧਿਆਪਕ ਅਤੇ ਕਰਮ-ਚਾਰੀ ਜੋ ਕਲਾਕਾਰ ਕਵੀ ਜਾਂ ਵੱਡੇ ਲੇਖਕ ਵੀ ਹਨ- ਉਨ੍ਹਾਂ ਦੀ ਕਾਰਗੁਜ਼ਾਰੀਆਂ, ਉਨ੍ਹਾਂ ਦੇ ਸਵੇਰੇ ਤੇ ਸ਼ਾਮ ਤੱਕ ਦੇ ਕਾਰ-ਵਿਹਾਰ ਨੂੰ ਡੂੰਘੀ ਤਰ੍ਹਾਂ ਘੋਖੋ-ਉਹ ਆਪਣੀ ਸਾਰੀ ਮੂਲ ਸ਼ਕਤੀ, ਸਮਾਂ ਅਤੇ ਸਾਧਨ ਆਪਣੀ ਹਉਮੈ, ਚੌਧਰ ਅਤੇ ਸੁਆਰਥ ਦੀ ਪੂਰਤੀ ਲਈ ਜੁਟਾ ਰਹੇ ਨਜ਼ਰ ਆਉਣਗੇ (ਇਨ੍ਹਾਂ ਵਿਚ 3-4 % ਜ਼ਰੂਰ ਅਜੇਹੇ ਹਨ, ਜਿਨ੍ਹਾਂ ਉਤੇ ਇਹ ਗੱਲ ਨਹੀਂ ਢੁਕਦੀ) ਉਨ੍ਹਾਂ ਦਾ ਸਮੁਚਾ ਅਮਲ ਦੇਖ ਕੇ ਲੱਗਦਾ ਹੈ ਜਿਵੇਂ ਮਾਰਕਸਵਾਦ ਇਕ ਜੀਉਂਦਾ ਸੱਚ ਨਹੀਂ ਰੱਦ ਹੋ ਚੁੱਕਿਆ ਫਲਸਫਾ ਹੋਵੇ। ਉਨ੍ਹਾਂ ਦੀ ਹਰ ਗਤੀ ਵਿਧੀ ਇਸ ਗੱਲ ਨਾਲ ਤੈਅ ਹੋ ਚੁੱਕੀ ਨਜ਼ਰ ਆਵੇਗੀ ਕਿ ਇਹ ਤੋਂ ਉਨ੍ਹਾਂ ਨੂੰ ਕਿੰਨਾ ਕੁ ਨਿੱਜੀ ਲਾਭ ਹੋ ਸਕਦਾ ਹੈ-ਇਸ ਲਈ ਉਨ੍ਹਾਂ ਦੀ ਅਮੁਕ ਦੌੜ ਟੀ. ਵੀ. ਰੇਡੀਓ ਅਤੇ ਵਪਾਰਕ ਪੱਤਰਕਾਰੀ ਨੂੰ ਆਪਣ ਨਿੱਜੀ ਲਾਭ ਲਈ ਵਰਤਣ ਵਲ ਲੱਗੀ ਹੋਈ ਹੈ। ਇਨ੍ਹਾਂ ਲੇਖਕਾਂ ਅਤੇ ਚਿੰਤਕਾਂ ਦੀ ਸਹਿਤ ਸਿਰਜਣਾ ਤੇ ਉਨ੍ਹਾਂ ਦੇ ਅਮਲੀ ਜੀਵਨ ਵਿਚ ਵੀ ਜ਼ਮੀਨ ਆਸਮਾਨ ਦਾ ਫਰਕ ਹੈ, ਸੋ ਇਹ ਹੈ ਸਾਡੇ ਸਮੂਹ ਲੇਖਕਾਂ ਅਤੇ ਬੁੱਧੀਜੀਵੀਆਂ ਦੀ ਹਕੀਕੀ ਤਸਵੀਰ।

**ਇਨਾਮ ਲੈਣ ਬਾਰੇ :** ਗੁਰਸ਼ਰਨ ਭਾ ਜੀ ਵਲੋਂ ਇਨਾਮ ਲੈਣ ਜਾਂ ਨਾ ਲੈਣ ਬਾਰੇ 'ਸਮਤਾ' ਅਤੇ ਹੋਰ ਪੱਤਰਕਾਵਾਂ ਵਿਚ ਬਹਿਸ਼ ਹੋ ਚੁੱਕੀ ਹੈ, ਜਾਂ ਇਓਂ ਕਹਿ ਲਓ ਅਜੇ ਵੀ ਇਹ ਬਹਿਸ਼ ਜਾਰੀ ਹੈ। ਇਸ ਲੰਬੀ ਬਹਿਸ ਵਿਚ ਲੋਕ-ਪੱਖੀ ਕਲਾਕਾਰਾਂ ਜਾਂ ਲੇਖਕਾਂ ਵਲੋਂ ਸਰਕਾਰੀ ਇਨਾਮ ਲੈਣ ਜਾਂ ਨਾ ਲੈਣ ਬਾਰੇ ਕਾਫੀ ਗੱਲਾਂ ਸਾਫ਼ ਹੋਈਆਂ ਹਨ-ਬਹਿਸ ਦਾ ਇਹ ਵਧੀਆ ਪੱਖ ਕਿਹਾ ਜਾ ਸਕਦਾ ਹੈ। ਉਂਝ ਸਰਕਾਰੀ ਸਹੂਲਤਾਂ ਜਾਂ ਸਨਮਾਨ ਲੈਣ ਬਾਰੇ ਪ੍ਰਸਿੱਧ ਕ੍ਰਾਂਤੀਕਾਰੀ ਹਿੰਦੀ ਲੇਖਕ ਹੰਸ ਰਾਜ ਰਹਿਬਰ ਨੇ ਵੀ ਗੁਫਤਗੂ (ਪੰਜਾਬੀ ਟ੍ਰਿਬਿਊਨ ਵਿਚ) ਵੀ ਕਾਫੀ ਗੱਲਾਂ ਸਾਫ ਕਰ ਦਿੱਤੀਆਂ ਹਨ। ਸਿਟੇ ਵਜੋਂ ਮੇਰੀ ਆਪਣੀ ਅਤੇ ਮੇਰੇ ਦੋਸਤ ਸਾਧੂ ਦੀ ਕੈਨੇਡਾ ਤੋਂ ਆਈ ਰਾਇ ਅਨੁਸਾਰ ਮੌਜੂਦਾ ਪ੍ਰਸਥਿਤੀਆਂ ਅੰਦਰ ਗੁਰਸ਼ਰਨ ਭਾਜੀ ਨੂੰ ਇਹ ਇਨਾਮ ਨਹੀਂ ਲੈਣਾ ਚਾਹੀਦਾ।

**ਪੋਸਟਸਕਰਿਪਟ :** ਦਲਿਤ ਵਰਗ ਨਾਲ ਸਬੰਧਤ ਮੇਰੇ ਇਕ ਦੋਸਤ ਨੇ ਜੋ ਕਿ ਕਿਸੇ ਸਰਕਾਰੀ ਸਕੂਲ ਵਿਚ ਮੁਖ ਅਧਿਆਪਕ ਹੈ, ਮੇਰੇ ਨਾਲ ਪੰਜਾਬ ਅਤੇ ਵਿਸ਼ੇਸ਼ ਭਾਰਤ ਦੀਆਂ ਮੌਜੂਦਾ ਪ੍ਰਸਥਿਤੀਆਂ ਬਾਰੇ ਗੱਲਾਂ ਕਰਦਿਆਂ, ਮੈਨੂੰ ਅਤੀ ਗੰਭੀਰ ਲਹਿਜੇ ਵਿਚ ਇਕ ਸਵਾਲ ਪੁਛ'ਲਿਆ : ਕੀ ਕਦੇ ਭਾਰਤ ਵਿਚ ਕੋਈ ਅਜੇਹਾ ਸਮਾਂ, ਕੋਈ ਅਜੇਹਾ ਯੁਗ ਵੀ ਆਵੇਗਾ ਜਦੋਂ ਇਥੇ ਧਰਮਾਂ ਜਾਤਾਂ ਤੇ ਫਿਰਕਿਆਂ ਦੇ ਨਾ ਤੇ ਕੋਈ ਝਗੜਾ ਫਸਾਦ, ਲੜਾਈ ਜਾਂ ਖੂਨ ਖਰਾਬੇ ਵਰਗੀ ਕੋਈ ਬੀਮਾਰੀ ਨਹੀਂ ਹੋਵੇਗੀ ਜਦੋਂ ਕੋਈ ਉਚ ਨੀਚ ਨਹੀਂ ਹੋਵੇਗੀ, ਬਿਨਾ ਕਿਸੇ ਭੇਦ ਭਾਵ ਅਤੇ ਨਫਰਤ ਦੇ ਸਾਰੇ ਲੋਕ ਆਪਸੀ ਪ੍ਰੇਮ ਸਦਭਾਵਨਾ ਅਤੇ ਬਰਾਬਰੀ ਦੇ ਆਧਾਰ ਤੇ ਰਹਿ ਸਕਣਗੇ ? ਮੈਂ ਉਹਦਾ ਇਹ ਤਰਲਾ ਸੁਣ ਕੇ ਖੁਦ ਬਹੁਤ ਗੰਭੀਰ ਹੋ ਗਿਆ ਸੀ। ਮੇਰੇ ਜ਼ਿਹਨ ਵਿਚ ਸੋਚਾਂ ਦੀ ਲੰਬੀ ਲੜੀ ਸ਼ੁਰੂ ਹੋ ਗਈ; ਸਾਡੇ ਸਮਾਜ ਵਿਚ ਕਿਸੇ ਵਿਅਕਤੀ ਦੇ ਕਿਸੇ ਵਿਸ਼ੇਸ਼ ਜਾਤੀ ਜਾਂ ਧਰਮ ਨਾਲ ਸੰਬੰਧਤ ਹੋਣ ਕਰਕੇ ਉਹਦੇ ਨਾਲ ਹੁੰਦੀਆਂ ਵਧੀਕੀਆਂ ਅਤੇ ਵਿਤਕਰੇ ਉਹਦੇ ਦਿਮਾਗ ਵਿਚ ਆਪਸ ਵਿਚ ਟਕਰਾਉਂਦੇ ਹਨ ਅਤੇ ਉਹ ਵਿਅਕਤੀ ਲਾਚਾਰੀ ਦਾ ਸ਼ਿਕਾਰ ਹੋਇਆ ਸਮਾਜ ਨਾਲੋਂ ਆਪਣੇ ਆਪ ਨੂੰ ਅਲੱਗ ਥਲੱਗ (alienated) ਮਹਿਸੂਸ ਕਰਨ ਲੱਗ ਪੈਂਦਾ ਹੈ। ਜਵਾਬ ਵਿਚ ਮੈਂ ਉਸਨੂੰ ਕਿਹਾ ਕਿ ਸਮਾਜਕ ਪ੍ਰਬੰਧ ਪ੍ਰਤੀ ਤੁਹਾਡੀ ਤੁਹਾਡੇ ਦਿਲ ਵਿਚੋਂ ਉਠੀ ਇਹ ਹੂਕ (ਜੋ ਕਦੇ ਪ੍ਰੇਸ਼ਾਨੀ ਦਾ ਰੂਪ ਧਾਰਦੀ ਹੈ ਕਦੇ ਸ਼ਿਕਾਇਤ ਦਾ) ਨੂੰ ਵੀ

ਇਕ ਢੰਗ ਨਾਲ ਸ਼ੁਭ ਸ਼ਗਨ ਹੀ ਸਮਝਦਾ—ਅਸੀਂ ਲੋਕ ਘਟੋ ਘਟ ਆਪਣੇ ਸਮਾਜਕ ਪ੍ਰਬੰਧ ਬਾਰੇ ਗੰਭੀਰਤਾ ਨਾਲ ਸੋਚਣ ਤਾਂ ਲਗੇ ਹਾਂ—ਕਈ ਵਾਰ ਜਦੋਂ ਅਸੀਂ ਆਪਣੇ ਆਲੇ ਦੁਆਲੇ ਆਪਣੇ ਸਮਾਜਕ ਪ੍ਰਬੰਧ ਬਾਰੇ ਨਿਰਾਸ਼ ਜਾਂ ਗੰਭੀਰ ਹੁੰਦੇ ਹਾਂ—ਉਸ ਦੌਰ ਵਿਚ ਅਸੀਂ ਕਿਸੇ ਨਾ ਕਿਸੇ ਰੂਪ ਵਿਚ ਲੋੜੀਂਦੇ ਸਮਾਜਕ ਪ੍ਰੀਵਰਤਨ ਜਾਂ ਕ੍ਰਾਂਤੀ ਬਾਰੇ ਵਿਚਾਰਧਾਰਕ ਜੋਖਾ ਹੀ ਕਰ ਰਹੇ ਹੁੰਦੇ ਹਾਂ—ਘਟੋ ਘਟ ਸਾਡੀ ਪੀੜ੍ਹੀ ਨੇ ਮੌਜੂਦਾ ਸਮਾਜਕ ਪ੍ਰਬੰਧ ਦੀਆਂ ਬੇਹੂਦ-ਗੀਆਂ, ਬੇਤੁਕੇਪਨ, ਵਿਵੇਕਹੀਣਤਾ, ਲੁਟ ਜ਼ਬਰ ਤੇ ਅਮਾਨਵੀਕਰਣ (dehumanisation) ਬਾਰੇ ਸੋਚਣਾ ਸ਼ੁਰੂ ਤਾਂ ਕੀਤਾ ਹੈ। ਇਥੇ ਇਕ ਗੱਲ ਤਾਂ ਬੜੀ ਸਾਫ ਹੈ ਕਿ ਅਜੇਹੇ ਭੈੜੇ ਸਮਾਜਕ ਪ੍ਰਬੰਧ ਨੂੰ ਇਕ ਵਿਸ਼ੇਸ਼ ਫਲਸਫਾ ਜਾਂ ਵਿਚਾਰਧਾਰਾ ਹੀ ਕੰਟਰੋਲ ਕਰ ਰਹੇ ਹਨ—ਇਸੇ ਕਰਕੇ ਸਾਨੂੰ ਉਸ ਫਲਸਫੇ ਦੀ ਵਿਸ਼ਾਲ ਪੱਧਰ ਤੇ ਚੀਰ ਫਾੜ ਕਰਨੀ ਪਵੇਗੀ—ਅਜੇਹੇ ਫਲਸਫੇ ਵਿਰੁਧ ਲੜਾਈ ਦਾਰਸ਼ਨਿਕ ਪੱਧਰ ਤੇ ਹੀ ਨਹੀਂ ਸਮਾਜਕ ਤੇ ਆਰਥਿਕ ਪੱਧਰ ਤੇ ਵੀ ਦੇਣੀ ਪਵੇਗੀ। ਅਜੇਹੇ ਪਿਛਾਖੜੀ ਫਲਸਫਾ (ਜਿਸਨੂੰ ਵੇਦਾਂਤਵਵਾਦ ਜਾਂ ਧਾਰਮਕ ਰਹਸਵਾਦ ਕਹਿ ਲਓ ਜਾਂ ਅਤਿਆਤਮਕਵਾਦ) ਦੇ ਝੰਡਾਬਰਦਾਰਾਂ ਵਿਰੁਧ ਵੀ ਲੜਾਈ ਵਿਢਣੀ ਪਵੇਗੀ ਜਿਹੜੇ ਆਪਣੀ ਸਰਦਾਰੀ ਸਰਪ੍ਰਸਤੀ ਲਈ ਇਸ ਸਮਾਜ ਨੂੰ ਖੜੋਤ ਦੀ ਅਵਸਥਾ ਵਿਚ ਰੱਖਣਾ ਚਾਹੁੰਦੇ ਹਨ—ਬੰਦੇ ਦੀ ਸੁਤੰਤਰਤਾ ਨਹੀਂ ਗੁਲਾਮੀ ਤੇ ਜਹਾਲਤ ਦਾ ਬੋਲਬਾਲਾ ਹੀ ਚਾਹੁੰਦੇ ਹਨ। ਮੈਂ ਉਸਨੂੰ ਦਸਿਆ ਕਿ ਜਦੋਂ ਮੈਂ ਪਹਿਲੀ ਵਾਰ 'ਮਾਰਕਸਵਾਦ ਤੇ ਭਗਵਤ ਗੀਤਾ' ਪੁਸਤਕ ਪੜ੍ਹੀ ਸੀ ਤਾਂ ਮੈਂ ਏਨਾ ਗੰਭੀਰ ਅਤੇ ਪ੍ਰੇਸ਼ਾਨ ਹੋ ਗਿਆ ਸੀ ਕਿ ਇਹਦਾ ਪ੍ਰਭਾਵ ਮੇਰੇ ਦਿਲ ਦਿਮਾਗ ਕਈ ਦਿਨ ਛਾਇਆ ਰਿਹਾ ਸੀ ਅਤੇ ਮੈਂ ਇਹ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਭਾਰਤ ਵਿਚ ਮਾਰਕਸੀ ਕ੍ਰਾਂਤੀ ਸੱਚਮੁਚ ਅਜੇ ਬਹੁਤ ਦੂਰ ਦੀ ਗੱਲ ਹੈ। ਦਰਸ਼ਨ ਸ਼ਾਸਤਰ ਦੀ ਇਹ ਪੁਸਤਕ ਪੜ੍ਹ ਕੇ ਇਹ ਵੀ ਮਹਿਸੂਸ ਹੋਇਆ ਕਿ ਭਾਰਤੀ ਸਮਾਜ ਦੀ ਖੜੋਤ ਦਾ ਇਕ ਵੱਡਾ ਕਾਰਣ ਇਹ ਵੀ ਹੈ ਕਿ ਭਾਰਤੀ ਮਨ (Indian mind) ਸਮਾਜਕ ਬਰਾਬਰੀ ਦੇ ਸੰਕਲਪ ਨੂੰ ਸਵੀਕਾਰ ਨਹੀਂ ਕਰਦਾ।

o

## ਪਾਠਕ ਲੇਖਕ ਫੋਰਮ

### 1. ਕੌਮੀ ਮਸਲੇ ਬਾਰੇ ਦਰੁਸਤ ਮਾਰਕਸਵਾਦੀ ਨਜ਼ਰੀਆ

'ਸਮਤਾ' ਦੇ ਜੂਨ ਅੰਕ ਵਿਚ ਤੁਹਾਡੇ ਵੱਲੋਂ ਇਕਬਾਲ ਸਿੰਘ 'ਪੱਤੜ' ਤੇ ਸਾਵਨ ਸਿੰਘ ਦੀਆਂ ਚਿੱਠੀਆਂ ਦੇ ਜੁਆਬ 'ਚ ਜੋ ਟਿੱਪਣੀਆਂ ਕੀਤੀਆਂ ਗਈਆਂ ਹਨ, ਉਹ ਵਿਚਾਰ-ਅਧੀਨ ਮਸਲੇ ਬਾਰੇ ਕਿਸੇ ਸੰਜੀਦਾ ਵਿਚਾਰ-ਅਮਲ ਨਾਲੋਂ, ਭਾਵੁਕ ਪ੍ਰਤੀਕਰਮ ਦੀ ਵਧੇਰੇ ਉਪਜ ਦਿਖਾਈ ਦਿੰਦੀਆਂ ਹਨ। ਤੁਹਾਡੇ ਵੱਲੋਂ ਇਨ੍ਹਾਂ ਟਿੱਪਣੀਆਂ 'ਚ ਗਿਣਾਏ ਤੱਥਾਂ ਬਾਰੇ ਕੋਈ ਰੌਲਾ ਨਹੀਂ। ਨਾ ਹੀ ਪੰਜਾਬ ਦਾ ਕੋਈ ਵੀ ਮਾਰਕਸਵਾਦੀ-ਲੈਨਿਨਵਾਦੀ ਇਹ ਕਹਿੰਦਾ ਹੈ ਕਿ ਸਿੱਖ ਕੱਟੜਪੰਥੀਏ ਪੰਜਾਬੀ ਕੌਮ ਦੀ ਮੁਕਤੀ ਲਈ ਲੜ ਰਹੇ ਹਨ। "ਪੈਗ਼ਾਮ" ਦੇ ਸਮਰਥਕਾਂ ਅਨੁਸਾਰ ਵੀ ਸਿੱਖ ਮੂਲਵਾਦੀਏ, ਖਾਲਿਸਤਾਨ ਦੇ ਰੂਪ 'ਚ ਵੱਖਰੀ ਸਿੱਖ ਰਿਆਸਤ ਲਈ ਲੜ ਰਹੇ ਹਨ, ਨਾ ਕਿ ਸਮੁੱਚੀ ਪੰਜਾਬੀ ਕੌਮ ਦੀ ਮੁਕਤੀ ਲਈ "ਪੈਗ਼ਾਮ" ਇਸ ਵਿਚਾਰ ਨਾਲ ਵੀ ਸਹਿਮਤ ਹੈ ਕਿ ਧਾਰਮਿਕ ਕੱਟੜਪੰਥੀਆਂ ਵੱਲੋਂ ਉਸਾਰੀ ਜਾਣ ਵਾਲੀ ਸਿੱਖ ਸਟੇਟ ਅੱਤ ਦਰਜੇ ਦੀ ਪਿਛਾਖੜੀ ਸਟੇਟ ਹੋਵੇਗੀ, ਨਾ ਕਿ ਜਮਹੂਰੀ ਜਾਂ ਅਗਾਂਹਵਧੂ। ਇਸ ਪੱਖੋਂ "ਪੈਗ਼ਾਮ" ਕਿਸੇ ਭੁਲੇਖੇ ਜਾਂ ਗਲਤ-ਸਮਝੀ ਦਾ ਸ਼ਿਕਾਰ ਨਹੀਂ। ਸੁਆਲ ਤਾਂ ਇਹ ਹੈ ਕਿ ਖਾਲਿਸਤਾਨ ਦੇ ਵਿਚਾਰ ਤੇ, ਲਹਿਰ ਦਾ ਵਿਰੋਧ ਕਿਹੜੇ ਪੈਂਤੜੇ ਤੋਂ ਖੜ੍ਹਕੇ ਕੀਤਾ ਜਾਵੇ ? ਜੇ ਖਾਲਿਸਤਾਨ ਦੀ ਬਜਾਇ ਪੰਜਾਬੀ ਕੌਮ ਦੀ ਮੁਕਤੀ ਦਾ ਪ੍ਰੋਗਰਾਮ ਅੱਗੇ ਲਿਆਂਦਾ ਜਾਵੇ, ਅਤੇ ਇਸ ਅਧਾਰ 'ਤੇ ਕੇਂਦਰੀ ਹਕੂਮਤ ਵਿਰੁੱਧ ਹਥਿਆਰਬੰਦ ਘੋਲ ਸ਼ੁਰੂ ਕੀਤਾ ਜਾਵੇ, ਤਾਂ ਕੀ ਇਹ ਪਿਛਾਖੜੀ ਹਕੂਮਤ ਤੇ ਖਾਲਿਸਤਾਨੀ ਵਿਚਾਰਧਾਰਾ—ਦੋਨਾਂ ਖਿਲਾਫ਼ ਦਰੁਸਤ ਘੋਲ ਨਹੀਂ ਹੋਵੇਗਾ ? ਪਿਛਾਖੜੀ ਸਿੱਖ ਸਟੇਟ ਦੀ ਬਜਾਇ, ਜਮਹੂਰੀ ਪੰਜਾਬ ਦੀ ਸਥਾਪਨਾ ਦਾ ਨਾਅਰਾ, ਕੀ ਖਾਲਿ-ਸਤਾਨ ਦੇ ਪੱਖ 'ਚ ਭੁਗਤਦਾ ਹੈ ਜਾਂ ਇਸਦੇ ਖਿਲਾਫ਼ ?

ਦੂਜੀ ਗੱਲ, ਤੁਹਾਡੀਆਂ ਟਿੱਪਣੀਆਂ 'ਚੋਂ ਉਭਰਦੀ ਤਰਕ-ਵਿਧੀ ਮੂਲੋਂ ਹੀ ਗਲਤ ਹੈ। ਜੇ ਮੌਜੂਦਾ ਸਿੱਖ ਸੰਘਰਸ਼ ਸਿਰਫ ਇਸੇ ਕਰਕੇ ਗ਼ਲਤ ਹੋ ਜਾਂਦਾ ਹੈ ਕਿ ਇਸਦੀ ਸ਼ੁਰੂਆਤ 1978 ਵਿਚ ਸਿੱਖ-ਨਿਰੰਕਾਰੀ ਝਗੜੇ ਦੇ ਰੂਪ 'ਚ ਹੋਈ ਸੀ, ਤਾਂ "ਕੂਕਾ ਲਹਿਰ" ਬਾਰੇ ਤੁਹਾਡਾ ਕੀ ਵਿਚਾਰ ਹੈ ? ਕੀ ਇਹ ਸੱਚ ਨਹੀਂ ਕਿ ਕੂਕਿਆਂ ਨੇ ਗਊ ਹੱਤਿਆ ਰੋਕਣ ਲਈ ਮਲੇਰਕੋਟਲੇ ਵਿਖੇ ਮੁਸਲ-ਮਾਨ ਬੁੱਚੜਾਂ ਨੂੰ ਕਤਲ ਕਰ ਸੁੱਟਿਆ ਸੀ? ਕੀ ਕੂਕਿਆਂ ਦੀ ਇਹ ਕਾਰਵਾਈ ਫਿਰਕੂ ਤੇ ਫਾਸ਼ੀ ਨਹੀਂ ਸੀ ? ਜੇ ਮਹਿਜ਼ ਅਜਿਹੀਆਂ ਘਟਨਾਵਾਂ ਤੇ ਵਰਤਾਰਿਆਂ ਤੋਂ ਹੀ ਕਿਸੇ ਲਹਿਰ ਬਾਰੇ ਨਿਰਣਾ ਕਰਨਾ ਹੈ, ਤਾਂ ਨਾ ਸਿਰਫ ਕੂਕਾ ਲਹਿਰ ਨੂੰ ਸਾਮਰਾਜ-ਵਿਰੋਧੀ ਸਾਬਤ ਕਰਨਾ ਔਖਾ

ਹੋਵੇਗਾ, ਸਗੋਂ ਇਤਿਹਾਸ ਅੰਦਰਲੀਆਂ ਅਨੇਕਾਂ ਲਹਿਰਾਂ 'ਤੇ ਬੜੀ ਸੌਖ ਨਾਲ ਪੋਚਾ ਫੇਰਿਆ ਜਾ ਸਕਦਾ ਹੈ। ਮਾਰਕਸ ਨੇ ਕਿਹਾ ਸੀ ਕਿ ਜੇਕਰ "ਤੱਤ" (Content) ਤੇ "ਸ਼ਕਲ" (form) ਵਿਚ ਕੋਈ ਫਰਕ ਹੀ ਨਾ ਹੋਵੇ ਤਾਂ ਸਾਇੰਸ ਦੀ ਉੱਕਾ ਈ ਕੋਈ ਲੋੜ ਨਹੀਂ ਰਹਿ ਜਾਂਦੀ। ਸਾਇੰਸ ਦਾ ਕੰਮ "ਸ਼ਕਲ" ਨੂੰ ਤੱਤ" ਬਣਾਕੇ ਪੇਸ਼ ਕਰਨਾ ਨਹੀਂ, ਸਗੋਂ ਕਿਸੇ ਵੀ ਵਰਤਾਰੇ ਦੇ ਪ੍ਰਗਟਾਉ ਰੂਪਾਂ ਤੋਂ, ਉਹਦੇ ਤੱਤ ਤੇ ਲੱਛਣ ਦਾ ਥਹੁ-ਪਤਾ ਲਾਉਣਾ, ਉਸ ਦੀ ਤੈਅ ਤੱਕ ਜਾਣਾ ਹੈ। ਤੁਹਾਡੇ ਵਾਲੀ ਤਰਕ-ਵਿਧੀ ਅਨੁਸਾਰ, ਤੁਹਾਨੂੰ ਵੀਹ ਨਹੀਂ, ਸੈਂਕੜੇ ਸੁਆਲ ਖੜੇ ਕੀਤੇ ਜਾ ਸਕਦੇ ਹਨ ਅਤੇ ਇਹ ਗੱਲ ਮੈਂ ਪੂਰੇ ਦਾਅਵੇ ਨਾਲ ਕਹਿ ਸਕਨਾਂ ਕਿ ਤੁਹਾਡੇ ਕੋਲ ਇਹਨਾਂ ਸੁਆਲਾਂ ਦਾ ਕੋਈ ਜਚਵਾਂ ਉੱਤਰ ਨਹੀਂ ਹੋਵੇਗਾ। ਮਿਸਾਲ ਵਜੋਂ, ਤੁਸੀਂ ਮਿਹਣੇ ਵਜੋਂ ਇਹ ਸੁਆਲ ਉਠਾਇਆ ਹੈ ਕਿ ਸਿੱਖ ਲਹਿਰ ਨੂੰ "ਸ਼ਹਿ ਦੇਣ ਵਾਲਿਆਂ 'ਚੋਂ ਗਿਆਨੀ ਜ਼ੈਲ ਸਿੰਘ ਵੀ ਸੀ...ਕੀ ਉਸਦਾ ਪੰਜਾਬੀ ਕੌਮ ਦੀ ਮੁਕਤੀ ਨਾਲ ਕੋਈ ਸਬੰਧ ਸੀ ?" ਮੈਂ ਤੁਹਾਨੂੰ ਉਲਟਾ ਸੁਆਲ ਕਰਦਾ ਹਾਂ ਕਿ ਰੂਸ ਅੰਦਰ 1905 ਦੇ ਇਨਕਲਾਬ ਦਾ ਛੇੜਾ ਛੇੜਨ ਵਾਲਿਆਂ ਵਿਚੋਂ ਇਕ ਹਕੂਮਤ ਦਾ ਖੁਫੀਆ ਏਜੰਟ ਅਤੇ ਭਰਿਸ਼ਟ ਪਾਦਰੀ—ਗੈਪਨ—ਸੀ, ਕੀ ਉਸਦਾ ਰੂਸ ਦੇ ਮਜ਼ਦੂਰਾਂ ਦੀ ਮੁਕਤੀ ਨਾਲ ਕੋਈ ਸਬੰਧ ਸੀ ? ਤੁਸੀਂ ਸਿੱਖ ਕੱਟੜਪੰਥੀਆਂ ਦਾ ਜੰਮ ਜੰਮ ਕੇ ਵਿਰੋਧ ਕਰੋ, ਤੁਹਾਡੇ ਇਸ ਅਧਿਕਾਰ ਨੂੰ ਕੋਈ ਨਹੀਂ ਖੋਹ ਸਕਦਾ, ਪਰ ਇਹ ਵਿਰੋਧ ਜ਼ਰਾ ਠਰੰਮੇ ਤੇ ਸੂਝ-ਸਿਆਣਪ ਨਾਲ ਕਰੋ ਤਾਂ ਤੁਹਾਡੀ ਅਤੇ ਸਮੁੱਚੀ ਇਨਕਲਾਬੀ ਲਹਿਰ ਦੀ 'ਸਿਹਤ' ਲਈ ਕਾਫ਼ੀ ਫਾਇਦੇ-ਮੰਦ ਹੋਵੇਗਾ !

ਅਖੀਰ ਵਿਚ, ਮੇਰੀ ਤੁਹਾਨੂੰ ਇਹ ਜ਼ੋਰਦਾਰ ਅਰਜ ਹੈ ਕਿ ਜੇ ਤੁਸੀਂ ਕੌਮੀ ਮਸਲੇ ਬਾਰੇ ਸੱਚਮੁੱਚ ਹੀ ਸੰਜੀਦਾ ਬਹਿਸ ਦੇ ਇੱਛਕ ਤੇ ਮੁਦੱਈ ਹੋ, ਤਾਂ ਤੁਹਾਨੂੰ ਜ਼ਰੂਰ ਹੀ ਉਪਭਾਵੁਕਤਾ ਤੋਂ ਉਪਰ ਉੱਠਕੇ, ਲੈਨਿਨਵਾਦੀ ਪੋਜੀਸ਼ਨਾਂ ਦੇ ਅਧਾਰ 'ਤੇ ਸਿਧਾਂਤਕ ਦਲੀਲਬਾਜ਼ੀ 'ਚ ਪੈਣਾ ਚਾਹੀਦਾ ਹੈ। ਤੁਸੀਂ ਆਪਣੀ ਟਿੱਪਣੀ ਵਿਚ ਜਿਹੜੀਆਂ ਗੱਲਾਂ ਦੇ ਅਧਾਰ 'ਤੇ ਲਹਿਰ ਦਾ ਨਿਰਣਾ ਕਰਨ ਦੀ ਪਹੁੰਚ ਅਪਣਾ ਰਹੇ ਹੋ, ਉਹ ਕੌਮੀ ਮਸਲੇ ਸਬੰਧੀ ਲੈਨਿਨਵਾਦੀ ਪੋਜੀਸ਼ਨਾਂ ਨਾਲ ਉੱਕਾ ਈ ਬੇਮੇਲ ਹੈ। ਕਾਮਰੇਡ ਸਟਾਲਿਨ ਨੇ ਆਪਣੀ ਪ੍ਰਸਿੱਧ ਲਿਖਤ "ਲੈਨਿਨਵਾਦ ਦੀਆਂ ਨੀਹਾਂ" ਵਿਚ ਇਸ ਪਹੁੰਚ ਨੂੰ ਬਹੁਤ ਹੀ ਖਰੇ ਤੇ ਸਪਸ਼ਟ ਲਫ਼ਜ਼ਾਂ 'ਚ ਰੱਦਿਆ ਹੈ। ਉਸਨੇ ਸਾਫ ਦਿਖਾਇਆ ਹੈ ਕਿ ਲੈਨਿਨਵਾਦ ਤੋਂ ਪਹਿਲਾਂ ਦੇ ਦੌਰ ਵਿਚ ਕੌਮੀ ਲਹਿਰ ਨੂੰ ਠੀਕ ਹੀ ਜਮਹੂਰੀਅਤ ਦੇ ਨਜ਼ਰੀਏ ਤੋਂ ਪਰਖਿਆ-ਤੋਲਿਆ ਜਾਂਦਾ ਸੀ, ਪਰ ਪਹਿਲੀ ਸੰਸਾਰ ਜੰਗ ਤੋਂ ਬਾਅਦ, ਭਾਵ ਲੈਨਿਨਵਾਦ ਦੇ ਦੌਰ ਅੰਦਰ, ਕੌਮੀ ਲਹਿਰਾਂ ਨੂੰ ਅੰਕਣ ਦਾ ਇਹੋ ਪੁਰਾਣਾ ਢੰਗ ਤੇ ਨਜ਼ਰੀਆ ਅਪ੍ਰਸੰਗਿਕ ਹੋ ਚੁੱਕਾ ਸੀ। ਸਟਾਲਨ ਅਨੁਸਾਰ ਅਜੋਕੀਆਂ ਹਾਲਤਾਂ 'ਚ ਕੌਮੀ ਲਹਿਰ ਦਾ ਖਾਸਾ ਇਸ ਗੱਲੋਂ ਤੈਅ ਨਹੀਂ ਹੁੰਦਾ ਕਿ ਇਸ ਵਿਚ ਪ੍ਰੋਲੇਤਾਰੀ ਤੱਤਾਂ ਦੀ ਹੋਂਦ ਕਿੰਨੀ ਹੈ, ਜਾਂ ਲਹਿਰ ਕੋਲ ਪਹਿਲਾਂ ਹੀ ਕੋਈ ਇਨਕਲਾਬੀ ਜਾਂ ਲੋਕ-ਰਾਜੀ ਪ੍ਰੋਗਰਾਮ ਹੈ ਜਾਂ ਨਹੀਂ, ਅਤੇ ਨਾ ਹੀ ਇਸ ਗੱਲ ਤੋਂ ਕਿ ਲਹਿਰ ਦਾ ਅਧਾਰ ਜਮਹੂਰੀ ਹੈ ਜਾਂ ਨਹੀਂ। ਸਾਮਰਾਜੀ ਦਾਬੇ ਦੀਆਂ ਹਾਲਤਾਂ ਹੇਠ ਕਿਸੇ ਵੀ ਦਬੀ-ਕੁਚਲੀ ਕੌਮ ਦੀ ਲਹਿਰ ਨੂੰ ਉਪਰ ਬਿਆਨੇ ਨੁਕਤਿਆਂ ਦੇ ਅਧਾਰ ਤੇ ਨਹੀਂ, ਸਗੋਂ ਇਸ ਦੇ ਅਮਲੀ ਨਤੀਜਿਆਂ ਦੇ ਅਧਾਰ 'ਤੇ ਅੰਗਿਆ-ਪਰਖਿਆ ਜਾਣਾ ਚਾਹੀਦਾ ਹੈ। ਅਤੇ ਅਮਲੀ ਨਤੀਜਿਆਂ ਦਾ ਨਿਰਣਾ, ਟੁੱਟਵੇਂ-ਕਹਿਰੇ ਰੂਪ 'ਚ ਨਹੀਂ, ਸਾਮਰਾਜਵਾਦ ਉਤੇ ਕਿਸੇ ਵੀ ਰੂਪ 'ਚ ਸੱਟ ਮਾਰਨ ਦੇ ਪਰਸੰਗ ਵਿਚ ਦੇਖਿਆ ਜਾਂਦਾ ਹੈ। ਇਸੇ ਕਰਕੇ, ਸਟਾਲਿਨ ਨੇ ਅਫਗਾਨਿਸਤਾਨ ਦੇ ਜਗੀਰੂ-ਬਾਦਸ਼ਾਹ ਦੀ ਲਹਿਰ ਨੂੰ ਜਾਇਜ਼ ਤੇ ਹਾਂ-ਪੱਖੀ ਠਹਿਰਾਇਆ ਸੀ। ਹੁਣ, ਤੁਹਾਡੇ ਵਾਲੇ ਤਰਕ ਮੁਤਾਬਕ, ਇਕ ਸਿਰੇ ਦੇ ਪਿਛਾਖੜੀ, ਜਗੀਰੂ ਹੁਕਮਰਾਨ ਦਾ ਭਲਾ ਅਫਗਾਨ ਕੌਮ ਦੀ ਮੁਕਤੀ ਨਾਲ ਕੀ ਸਬੰਧ ਸੀ ? ਇਸੇ ਤਰ੍ਹਾਂ ਲੈਨਿਨ ਨੇ ਪੋਲੈਂਡ ਦੇ ਜਗੀਰਦਾਰਾਂ ਦੀ, ਰੂਸ ਦੀ ਜ਼ਾਰਸ਼ਾਹੀ ਵਿਰੁੱਧ ਕੌਮੀ ਜੱਦੋਜਹਿਦ ਦੀ ਹਿੱਕ ਠੋਕਵੀਂ ਹਮਾਇਤ ਕੀਤੀ ਸੀ, ਜਦ ਕਿ ਤੁਹਾਡੇ ਵਰਗੇ ਕੁਝ 'ਸ਼ੁਧ' ਜਮਹੂਰੀਅਤ ਪਸੰਦ, ਐਨ ਤੁਹਾਡੇ ਵੱਲੋਂ ਉਤਾਰੀਆਂ ਜਾ ਰਹੀਆਂ ਦਲੀਲਾਂ ਦੇ ਅਧਾਰ 'ਤੇ, ਪੋਲੈਂਡ ਦੇ ਰਜਵਾੜਿਆਂ ਦੀ ਡਟਵੀਂ ਮੁਖਾਲਫ਼ਤ ਕਰ ਰਹੇ ਸਨ। ਤੁਹਾਡੀ ਵਾਲੀ ਤਰਕ-ਵਿਧੀ ਅਨੁਸਾਰ, ਭਲਾ ਪੋਲੈਂਡ ਦੇ ਜਗੀਰਦਾਰਾਂ ਦਾ ਪੋਲਿਸ਼ ਕੌਮ ਦੀ ਮੁਕਤੀ ਨਾਲ ਕੀ ਸਬੰਧ ਸੀ ? ਲੈਨਿਨ ਇਹ ਸਬੰਧ ਦਰਸਾਇਆ ਸੀ, ਅਤੇ ਠੀਕ ਹੀ ਦਰਸਾਇਆ ਸੀ ਕਿ ਪੋਲੈਂਡ ਦੇ ਜਗੀਰਦਾਰਾਂ ਵੱਲੋਂ ਜ਼ਾਰ ਦੀ ਹਕੂਮਤ ਉਤੇ ਲਾਈ ਹਰ ਚੋਟ, ਜ਼ਾਰਸ਼ਾਹੀ ਨੂੰ ਕਮਜ਼ੋਰ ਕਰਨ ਅਤੇ ਕੁੱਲ-ਰੂਸ ਜਮਹੂਰੀਅਤ ਨੂੰ ਤਕੜਿਆਂ ਕਰਨ 'ਚ ਸਹਾਈ ਹੋ ਰਹੀ ਸੀ। ਉਸ ਵੇਲੇ ਪੋਲੈਂਡ ਨੂੰ ਰੂਸ ਦੇ ਅਨਿੱਖੜਵੇਂ ਅੰਗ ਵਜੋਂ ਦੇਖਿਆ ਜਾਂਦਾ ਸੀ (ਜਿਵੇਂ ਹੁਣ ਪੰਜਾਬ ਨੂੰ ਭਾਰਤ ਦੇ ਅਟੁੱਟ ਅੰਗ ਵਜੋਂ ਦੇਖਿਆ ਜਾਂਦਾ ਹੈ)। ਖੈਰ, ਇਹ ਨੁਕਤੇ ਕਾਫ਼ੀ ਲੰਮੀ ਬਹਿਸ ਦੇ ਹਨ। ਇਹਨਾਂ ਉਤੇ ਢੁਕਵੇਂ ਮੌਕੇ ਬਹਿਸ ਚਲਾਈ ਜਾ ਸਕਦੀ ਹੈ। ਹਾਲ ਦੀ ਘੜੀ, ਤੁਹਾਨੂੰ ਇਹੋ ਅਰਜ਼ ਕੀਤੀ ਜਾਂਦੀ ਹੈ ਕਿ ਤੁਸੀਂ ਇਹ ਸਪਸ਼ਟ ਕਰੋ ਕਿ ਕੌਮੀ ਮਸਲੇ ਬਾਰੇ ਕੋਈ ਵੀ ਪੋਜੀਸ਼ਨ ਲੈਣ ਲੱਗਿਆਂ

ਤੁਸੀਂ ਲੈਨਿਨ, ਸਟਾਲਿਨ ਤੇ ਮਾਓ ਦੀਆਂ ਬੁਨਿਆਦੀ ਧਾਰਨਾਵਾਂ ਨੂੰ ਪਰਵਾਨਦੇ ਹੋ ਜਾਂ ਨਹੀਂ? ਜੇ ਤੁਸੀਂ ਲੈਨਿਨੀ ਪੋਜੀਸ਼ਨਾਂ ਤੋਂ ਖੜ੍ਹਕੇ ਗੱਲ ਕਰਨੀ ਹੈ ਤਾਂ 'ਜ਼ੈਲ ਸਿੰਘ ਮਾਰਕਾ' ਦਲੀਲਾਂ ਦੀ ਕੋਈ ਤੁਕ ਨਹੀਂ ਬਣਦੀ। ਅਫਸੋਸ ਇਸ ਗੱਲ ਦਾ ਹੈ ਕਿ ਤੁਸੀਂ ਗੱਲਾਂ ਹਮੇਸ਼ਾਂ ਵੀਹਵੀਂ ਸਦੀ ਤੇ ਸਾਇੰਸ ਦੇ ਯੁਗ ਦੀਆਂ ਕਰਦੇ ਹੋ, ਪਰ ਸਿਧਾਂਤਕ ਸੁਆਲਾਂ ਤੇ ਦਲੀਲਬਾਜ਼ੀ ਕਰਨ ਲੱਗਿਆਂ ਸਧਾਰਨ ਜਥੇਦਾਰਾਂ ਵਾਲੇ ਪੱਧਰ ਤੋਂ ਉੱਚਾ ਨਹੀਂ ਉਠਦੇ। ਮਾਫ਼ ਕਰਨਾ, ਸ਼ਾਇਦ ਤੁਹਾਨੂੰ ਇਹ ਗੱਲਾਂ ਕੌੜੀਆਂ ਲੱਗਣ, ਪਰ ਮੇਰੇ ਦਿਲ ਅੰਦਰ ਤੁਹਾਡੀ ਸੁਹਿਰਦਤਾ ਤੇ ਈਮਾਨਦਾਰੀ ਪ੍ਰਤੀ ਅਥਾਹ ਪ੍ਰਸ਼ੰਸਾ ਤੇ ਸਤਿਕਾਰ ਦੇ ਬਾਵਜੂਦ, ਸਿਧਾਂਤਕ ਮਸਲਿਆਂ ਪ੍ਰਤੀ ਤੁਹਾਡੇ ਅੱਥਰੇ ਵਤੀਰੇ-ਪ੍ਰਤੀ ਗੰਭੀਰ ਇਤਰਾਜ਼ ਭਰੇ ਪਏ ਹਨ। ਇਹਨਾਂ ਇਤਰਾਜ਼ਾਂ ਨੂੰ ਠੀਕ ਭਾਵਨਾ 'ਚ ਲੈਣ ਤੇ ਸਮਝਣ ਦੀ ਕੋਸ਼ਿਸ਼ ਕਰਨਾ।

ਹਰਕੰਵਲ ਸਿੰਘ (ਬਹਾਦਰਗੜ੍ਹ) (ਪਟਿਆਲਾ)

## 2. ਪੰਜਾਬ ਲਿਬਰੇਸ਼ਨ ਫੋਰਸ ਬਨਾਮ ਨਕਸਲੀ ਲਹਿਰ

ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਲਿਬਰੇਸ਼ਨ ਫੋਰਸ ਜਿਹੜੀ ਕਿ ਆਪਣੇ ਆਪ ਨੂੰ ਨਕਸਲੀ ਲਹਿਰ ਸੰਬੰਧਤ ਹੋਣ ਦਾ ਦਾਅਵਾ ਕਰਦੀ ਹੈ, ਨੇ ਇਨਕਲਾਬੀ ਕਮਿਊਨਿਸਟ ਲਹਿਰ ਨੂੰ ਬਹੁਤ ਹੀ ਕੁਫਰ ਢੰਗ ਨਾਲ ਭੰਡਣ ਦਾ 'ਕਾਰਜ' ਅਰੰਭਿਆ ਹੈ। ਅਸਲ ਵਿਚ ਇਸ 'ਫੋਰਸ' ਨੂੰ ਅਸਲੀ ਖਾਲਸਤਾਨੀ ਅਖੌਤੀ ਨਕਸਲੀ ਕਹਿ ਦੇਈਏ ਤਾਂ ਕੋਈ ਅੱਤ ਕਥਨੀ ਨਹੀਂ ਹੋਵੇਗੀ। ਕਿਉਂਕਿ ਪਿਛਲੇ ਸਮੇਂ ਵਿਚ ਰੈਡ ਗਾਰਡ ਨਾਂ ਦੀ ਹਥਿਆਰਬੰਦ ਫੋਰਸ ਨੇ ਸਾਥੀ ਪਟਵਾਰੀ ਅਤੇ ਹੋਰ ਕਮਿਊਨਿਸਟ ਇਨਕਲਾਬੀਆਂ ਦੇ ਕਾਤਲਾਂ ਨੂੰ ਉਨ੍ਹਾਂ ਦੀ ਭਾਸ਼ਾ ਵਿਚ ਹੀ ਜਵਾਬ ਦੇਣ ਦਾ ਬੀੜਾ ਚੁਕਿਆ ਹੈ ਤਾਂ ਲਿਬਰੇਸ਼ਨ ਫੋਰਸ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਏਥੇ ਹੀ ਬਸ ਨਹੀਂ ਉਹ ਰੈਡਗਾਰਡ ਨੂੰ ਸਰਕਾਰੀ ਏਜੰਟ ਕਹਿਣ ਤੱਕ ਗਿਰ ਗਏ। ਲਿਬਰੇਸ਼ਨ ਫੋਰਸ ਨੂੰ ਜੇਕਰ ਪੁਛਿਆ ਜਾਵੇ ਕਿ ਤੁਹਾਡੇ ਗੁਰੂ ਘੁੰਟਾਲ ਸੀ ਸੀ ਵਾਲਿਆਂ ਨਾਲੋਂ ਵੱਖ ਕਿਉਂ ਹੋਏ ਸਨ। ਹਾਂ ਮੈਂ ਦਸਦਾਂ ਹਾਂ ਸਿਰਫ਼ ਆਪਣੀ ਚੌਧਰ ਅਤੇ ਸਿਆਸੀ ਵਿਰੋਧੀਆਂ ਤੇ ਘਟੀਆ ਇਲਜ਼ਾਮ-ਤਰਾਸ਼ੀ ਕਰਨ ਦੇ ਨਿਸ਼ਾਨੇ ਨਾਲ ਹੀ ਆਪਣੀ ਵੱਖਰੀ ਢਾਈ ਇੱਟਾਂ ਦੀ ਮਟੀ ਕਾਇਮ ਕੀਤੀ ਸੀ। ਅੱਜ ਇਹ 'ਫੋਰਸ' ਜੇਕਰ ਇਨਕਲਾਬੀਆਂ ਦੇ ਕਾਤਲਾਂ ਨੂੰ ਗੋਲੀਆਂ ਨਾਲ ਉਡਾਇਆਂ ਤਾਂ ਬਹੁਤ ਦੁਖੀ ਹੋਏ ਹਨ। ਪਰ ਜਦੋਂ ਪ੍ਰਿਥੀਪਾਲ ਰੰਧਾਵੇ ਦੀ ਕਾਤਲ ਜੁੰਡਲੀ ਦੇ ਮੁੱਖੀ ਡਾਇਰੈਕਟਰ ਪ੍ਰਿਥੀਪਾਲ ਨੂੰ ਕਤਲ ਕੀਤਾ ਤਾਂ ਇਹਨਾਂ ਨੇ ਜਸ਼ਨ ਕਿਉਂ ਮਨਾਏ ਸਨ। ਜਦੋਂ ਕਿ ਰੰਧਾਵਾ ਅਤੇ ਪਟਵਾਰੀ ਦੋਨੋਂ ਹੀ ਇਨਕਲਾਬੀ ਸਨ। ਫਰਕ ਸਿਰਫ ਐਨਾ ਹੈ ਕਿ ਅੱਜ ਇਹ ਖਾਲਸਤਾਨੀਆਂ ਦੇ ਮੋਢਿਆਂ ਤੇ ਚੜ੍ਹ ਕੇ ਇਨਕਲਾਬ ਢੂੰਡਣ ਲੱਗੇ ਹਨ। ਸ਼ਾਇਦ ਇਹਨਾਂ ਨੂੰ ਵਹਿਮ ਹੋ ਗਿਆ ਹੋਵੇ ਕਿ ਸਾਡੀਆਂ ਬੰਦੂਕਾਂ ਇਨਕਲਾਬ ਕਰ ਹੀ ਨਹੀਂ ਸਕਦੀਆਂ ਜਾਂ ਫਿਰ ਸਿਰੇ ਦੇ ਮੌਕਾਪ੍ਰਸਤ ਹਨ ਜਾਂ ਫਿਰ ਸਿਰਫ ਆਪਣੀ ਚਮੜੀ ਬਚਾਉਣ ਲਈ ਫਿਰਕੂ ਦਹਿਸ਼ਤ ਪਸੰਦਾਂ ਦੀ ਮਦਦ ਤੇ ਉਤਰੇ ਹੋਣ। ਇਹ ਲਿਬਰੇਸ਼ਨ ਫੋਰਸ ਵਾਲੇ ਸਿਰਫ ਖਾਲਸਤਾਨੀਆਂ ਦੀ ਮਦਦ ਹੀ ਨਹੀਂ ਕਰ ਰਹੇ ਸਗੋਂ ਉਨ੍ਹਾਂ ਦੇ ਪ੍ਰੋਗਰਾਮਾਂ ਨੂੰ ਲੋਕਾਂ ਤੱਕ ਲਿਜਾਣ ਲਈ ਨਕਸਲੀ ਲਹਿਰ ਦੀ 20 ਵੀਹ ਵਰ੍ਹੇ ਗੰਢ ਦਾ ਪ੍ਰਪੰਚ ਵੀ ਰਚਿਆ ਜਿਸ ਵਿਚ ਨਕਸਲੀ ਸ਼ਹੀਦਾਂ ਦੀ ਗੱਲ ਕਰਨ ਦੀ ਵਜਾਏ "ਖਾੜਕੂਆਂ" ਦੇ ਪ੍ਰੋਗਰਾਮਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਹੀ ਟੋਸ਼ਨ ਲਗਾਏ। ਕਹਿਣ ਨੂੰ ਭਾਵੇਂ ਇਨਕਲਾਬੀ ਸਫਾਂ ਨੂੰ ਗੁੰਮਰਾਹ ਕਰਨ ਲਈ ਨਕਸਲੀ ਵਰ੍ਹੇ ਗੰਢ ਦਾ ਨਾਂ ਵਰਤਿਆ ਗਿਆ ਸੀ ਅਸਲ ਵਿਚ ਇਹ ਜੂਨ ਚੌਰਾਸੀ ਦੇ ਸਾਕੇ ਦੀ ਵਰ੍ਹੇ ਗੰਢ ਕਹੀ ਜਾ ਸਕਦੀ ਹੈ। ਲਿਬਰੇਸ਼ਨ ਫੋਰਸ ਦੇ ਜਨੌਤਿਕ "ਯੋਧਿਆਂ" ਨੇ "ਖਾੜਕੂਆਂ" ਦੀ ਬੁਧਾਰ ਲਹਿਰ ਦਾ ਡਟ ਕੇ ਸਮਰਥਨ ਕੀਤਾ। ਪਰ ਇਨ੍ਹਾਂ ਨੂੰ ਉਦੋਂ ਦਿਸਣਾ ਬੰਦ ਹੋ ਗਿਆ ਜਦੋਂ "ਖਾੜਕੂਆਂ" ਨੇ ਗਰੀਬ ਜੁਤੀਆਂ ਵਾਲਿਆਂ, ਸਾਇਕਲ ਠੀਕ ਕਰਨ ਵਾਲਿਆਂ, ਸਟੋਵ ਠੀਕ ਕਰਨ ਵਾਲਿਆਂ, ਕੱਪੜੇ ਸਿਊਣ ਵਾਲੇ ਦਰਜ਼ੀਆਂ ਦੇ ਖੋਖੇ ਵੀ ਸਾੜ ਕੇ ਸੁਆਹ ਕਰ ਦਿਤੇ। ਉਦੋਂ ਇਨ੍ਹਾਂ ਨੂੰ ਅੰਧਰਾਤਾ ਹੋ ਗਿਆ ਸੀ ਜਦੋਂ ਮੁਕਤਸਰ ਬਸ ਕਾਂਡ ਖੁੱਡਾ ਬਸ ਕਾਂਡ ਵਿਚ ਦਰਜਨਾਂ ਹੀ ਮਾਸੂਮ ਬੱਚਿਆਂ ਨਿਰਦੋਸ਼ ਇਸਤਰੀਆਂ ਅਤੇ ਆਦਮੀਆਂ ਨੂੰ ਇਹੋ ਆਦਮਖਾਣੇ ਗੋਲੀਆਂ ਨਾਲ ਢੇਰੀ ਕਰ ਚੁੱਕੇ ਸਨ। ਕਿਸੇ ਜੀਵ ਦਾ ਮਾਸ ਖਾਣਾ ਇੰਨਾ "ਖਾੜਕੂਆਂ" ਨੂੰ ਮਾੜਾ ਲੱਗਦਾ ਹੈ। ਪਰ ਜਦੋਂ ਆਪ ਜਿਉਂਦੀ ਮਨੁੱਖਤਾ ਦਾ ਮਾਸ ਖਾ ਰਹੇ ਹਨ ਤਾਂ ਇਹ ਸਭ ਠੀਕ ਲੱਗਦਾ ਹੈ। ਰਹੀ ਗੱਲ ਲਿਬਰੇਸ਼ਨ ਫੋਰਸ ਦੇ ਗੁਰੂ ਘੰਟਾਲ ਅਤੇ ਇਸਦੀ ਪਾਰਟੀ ਦੇ ਸਕੱਤਰ ਦੀ ਇਹ ਜਿੰਨਾ ਕੁ ਸੁਧਾਰਵਾਦੀ ਏ। ਇਸ ਦਾ ਪਤਾ ਮੋਗੇ ਦੇ ਇਲਾਕੇ ਢੁਡੀਕੇ ਤੋਂ ਲੱਗ ਸਕਦਾ ਹੈ ਜਿਥੇ ਲੋਕਾਂ ਨੇ ਇਸ ਦੇ ਸਿਰ ਦਾ ਮੁੱਲ ਰੱਖਿਆ ਹੋਇਆ ਹੈ। ਅੱਜ ਇਹ "ਖਾੜਕੂਆਂ ਦੇ" ਹਮੈਤੀ ਸਾਡੇ ਪਿਆਰੇ ਇਨਕਲਾਬੀ ਸਾਥੀ ਸ਼ਹੀਦ ਪ੍ਰਿਥੀਪਾਲ ਰੰਧਾਵਾ ਦੇ ਕਾਤਲਾਂ ਨਾਲ ਗਲਵੱਕੜੀਆਂ ਪਾ ਕੇ ਇਹ ਸਾਬਤ ਕਰ ਰਹੇ ਹਨ ਕਿ ਰੰਧਾਵਾ ਅਸਲ ਵਿਚ ਗਲਤ ਵਿਅਕਤੀ ਸੀ ਹੁਣ ਖਾੜਕੂਆਂ ਦੇ "ਬੇਲੀਆਂ" ਨੂੰ ਰੰਧਾਵੇ ਦੀ

ਬਰਸੀ ਮਨਾਉਣ ਦਾ ਕੋਈ ਇਖ਼ਲਾਕੀ ਹੱਕ ਨਹੀਂ ਹੈ।

ਹੁਣ ਜ਼ਰਾ ਇਸ ਪਾਸੇ ਵੱਲ ਆਈਏ ਕਿ ਦਰੁਸਤ ਕਮਿਊਨਿਸਟ ਇਨਕਲਾਬੀ ਕੌਣ ਸਨ ? ਜੇਹੜੇ ਲੋਕ ਅੱਜ ਸਿਰਫ ਸਰਕਾਰੀ ਦਹਿਸ਼ਤਗਰਦੀ ਦਾ ਹੀ ਵਿਰੋਧ ਕਰਦੇ ਹਨ ਜਾਂ ਇਕੱਲੇ 'ਖਾੜਕੂਆਂ' ਦੇ ਕਤਲਾਂ ਦਾ ਵਿਰੋਧ ਕਰਦੇ ਹਨ। ਉਹ ਕਮਿਊਨਿਸਟ ਕਹਾਉਣ ਦੇ ਕਾਬਲ ਹੀ ਨਹੀਂ ਹਨ। ਸਹੀ ਕਮਿਊਨਿਸਟ ਉਹੀ ਹਨ ਜੋ ਸਰਕਾਰ ਵਲੋਂ ਫਲਾਈ ਜਾ ਰਹੀ ਫਿਰਕੂ ਲਹਿਰ ਅਤੇ ਕੀਤੇ ਜਾ ਰਹੇ ਝੂਠੇ ਪੁਲਿਸ ਮੁਕਾਬਲੇ ਅਤੇ ਫਿਰਕੂ ਦਹਿਸ਼ਤਗਰਦਾਂ ਵਲੋਂ ਨਿਰਦੋਸ਼ ਲੋਕਾਂ ਦੇ ਕੀਤੇ ਜਾ ਰਹੇ ਕਤਲਾਂ ਦਾ ਡਟਵਾਂ ਵਿਰੋਧ ਕਰਦੇ ਹਨ। ਭਾਵੇਂ ਇਨਕ-ਲਾਬੀ ਕਦੇ ਵੀ ਉਲਾਰਵਾਦੀ ਨਹੀਂ ਹੁੰਦੇ ਅਤੇ ਸਿਰਫ ਲੋਕਾਂ ਵਿਚ ਰਾਜਨੀਤਕ ਚੇਤਨਤਾ ਪੈਦਾ ਕਰਕੇ ਹਥਿਆਰ ਬੰਦ ਜਦੋ ਜਹਿਦ ਰਾਹੀਂ ਹੀ ਰਾਜਸੀ ਸਤਾ ਹਾਸਲ ਕਰਨ ਦੇ ਕਾਇਲ ਹੁੰਦੇ ਹਨ। ਹਾਂ ਜਦੋਂ ਸੰਘਰਸ਼ ਦੀ ਹਮਾਇਤ ਕਰਨੀ ਹੋਵੇ ਤਾਂ ਹਮਾਇਤ ਕਰਨ ਤੋਂ ਪਹਿਲਾਂ ਇਨਕਲਾਬੀਆਂ ਵਲੋਂ ਇਹ ਦੇਖਣਾ ਜ਼ਰੂਰੀ ਹੁੰਦਾ ਹੈ ਕਿ ਸੰਘਰਸ਼ ਕਿੰਨਾਂ ਮੰਗਾਂ ਤੇ ਲੜਿਆ ਜਾ ਰਿਹਾ ਹੈ ਅਤੇ ਇਸ ਦੀ ਅਗਵਾਈ ਕਰਨ ਵਾਲੇ ਕਿਸ ਜਮਾਤ ਦੇ ਹਿਤ ਪਾਲਣ ਵਾਲੇ ਹਨ। ਨਾਲ ਇਹ ਵੀ ਕਿ ਕੀ ਇਹ ਸੰਘਰਸ਼ ਫਿਰਕੂ ਅਤੇ ਲੋਕ ਦੋਖੀ ਤਾਂ ਨਹੀਂ। ਲੋਕ-ਪੱਖੀ ਸੰਘਰਸ਼ ਉਹੀ ਹੁੰਦਾ ਹੈ ਜਿਸ ਦੀ ਅਗਵਾਈ ਇਨਕ-ਲਾਬੀ ਕਰਦੇ ਹੋਣ ਅਤੇ ਜਿਸ ਵਿਚ ਸਭ ਫਿਰਕਿਆਂ, ਜਾਤਾਂ ਅਤੇ ਇਲਾਕਿਆਂ ਦੇ ਲੋਕ ਸਾਂਝੀਆਂ ਮੰਗਾਂ ਦੇ ਨਾਲ 2 ਇਸ ਗਲਤ ਨਿਜ਼ਾਮ ਨੂੰ ਬਦਲਣ ਵਾਲਾ ਸੰਘਰਸ਼ ਹੋਵੇ।

ਇਕ ਪਾਠਕ (ਸੁਖਦੇਵ)

## 3. ਸਾਥੀ ਗੁਰਮੇਲ ਸਿੰਘ ਅਤੇ ਸਾਥੀ ਗੁਰਸ਼ਰਨ ਸਿੰਘ ਦਰਮਿਆਨ ਵਾਦ ਵਿਵਾਦ ਬਾਰੇ

ਸਮਤਾ ਦੇ ਜੂਨ ਅੰਕ ਵਿਚ ਸਾਥੀ ਗੁਰਮੇਲ ਸਿੰਘ ਦੀ ਇਕ ਲੰਮੀ ਚਿੱਠੀ ਛਪੀ ਹੈ ਜਿਸ ਵਿਚ ਸਾਥੀ ਨੇ ਕੁਝ ਬੁਨਿਆਦੀ ਕਿਸਮ ਦੇ ਨੁਕਤੇ ਉਠਾਉਣ ਤੋਂ ਇਲਾਵਾ ਕਈ ਨਕਸ਼ਲੀ ਗਰੁੱਪਾਂ ਖਾਸ ਕਰਕੇ ਸੁਰਖ ਰੇਖਾ ਅਤੇ ਨਾਗੀ ਰੈਡੀ ਗਰੁੱਪ 'ਤੇ ਗੰਭੀਰ ਦੋਸ਼ ਲਾਏ ਹਨ। ਭਾਜੀ ਗੁਰਸ਼ਰਨ ਸਿੰਘ ਹੋਰੇਂ ਇਹਨਾਂ ਦੋਸ਼ਾਂ ਦਾ ਕਾਫ਼ੀ ਬੁਰਾ ਮਨਾਇਆ ਹੈ ਅਤੇ ਗੁੱਸੇ ਤੇ ਖਿੱਝ ਵਿਚ ਲਿਖੀ ਆਪਣੀ ਜਵਾਬੀ ਲਿਖਤ ਵਿਚ ਇਹਨਾਂ ਦੋਸ਼ਾਂ ਦੀ ਤੱਥਾਂ ਦੇ ਆਧਾਰ ਤੇ ਪੁਸ਼ਟੀ ਕਰਨ ਲਈ ਸਾਥੀ ਗੁਰਮੇਲ ਨੂੰ ਚੈਲੰਜ ਕੀਤਾ ਹੈ। ਭਾਜੀ ਹੋਰਾਂ ਦਾ ਗੁੱਸਾ ਅਤੇ ਖਿੱਝ ਸਮਝ ਵਿਚ ਆਉਣ ਵਾਲੇ ਹਨ। ਜਿਸ ਵਿਅਕਤੀ ਨੇ ਆਪਣੀ ਜ਼ਿੰਦਗੀ ਦੇ ਦੋ ਦਹਾਕੇ ਪੂਰੀ ਇਮਾਨਦਾਰੀ ਅਤੇ ਜੀਅ-ਜਾਨ ਨਾਲ ਦਿਨ ਰਾਤ ਇਕ ਕਰਕੇ ਨਕਸਲੀ ਲਹਿਰ ਦੇ ਪ੍ਰਚਾਰ ਅਤੇ ਪਸਾਰ ਦੇ ਲੇਖੇ ਲਾ ਦਿਤੇ ਹੋਣ ਉਸ ਵਿਅਕਤੀ ਵਲੋਂ ਇਸ ਲਹਿਰ ਦੇ ਸਰਕਾਰ ਦੀ ਝੋਲੀ ਵਿਚ ਡਿੱਗ ਪੈਣ ਦੇ ਦੋਸ਼ਾਂ ਨੂੰ ਸ਼ਾਂਤ-ਚਿੱਤ ਹੋ ਕੇ ਸੁਣ ਲੈਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੋ ਸਕਦਾ।

ਭਾਜੀ ਹੋਰਾਂ ਆਪਣੀ ਲਿਖਤ ਵਿਚ ਦਾਅਵਾ ਕੀਤਾ ਹੈ ਕਿ ਇਕ ਵੀ ਅਜਿਹੀ ਮਿਸਾਲ ਨਹੀਂ ਦਿਤੀ ਜਾ ਸਕਦੀ ਜਦੋਂ ਕਿਸੇ ਨਕਸਲੀ ਗਰੁੱਪ ਨੇ ਸਰਕਾਰ ਵਲੋਂ ਸਿੱਖ ਸੰਗਠਨਾਂ ਨੂੰ ਧੱਕੇ ਜ਼ਬਰ ਅਤੇ ਫਾਸ਼ੀ ਢੰਗ ਤਰੀਕਿਆਂ ਨਾਲ ਦਬਾਉਣ ਦੀ ਹਮਾਇਤ ਕੀਤੀ ਹੋਵੇ। ਉਹ ਲਿਖਦੇ ਹਨ "ਸਰਕਾਰ ਨਕਸਲੀਆਂ ਦੇ ਜਲਸਿਆਂ ਦੀ ਰਾਖੀ ਲਈ ਆਪਣੀ ਫੋਰਸ ਭੇਜਦੀ ਹੈ ਪਰ ਇਸਦਾ ਇਹ ਮਤਲਬ ਕੱਢ ਲੈਣਾ ਕਿ ਨਕਸਲੀ ਸਰਕਾਰ ਦੇ ਹੱਕ 'ਚ ਭੁਗਤ ਰਹੇ ਹਨ, ਇਹ ਬਿਲਕੁਲ ਗਲਤ ਨਿਰਣਾ ਹੈ...ਸਰਕਾਰ ਸਿੱਖ ਸੰਗਠਨਾਂ ਨੂੰ ਧੱਕੇ, ਜ਼ਬਰ ਅਤੇ ਫਾਸ਼ੀ ਤਰੀਕੇ ਵਰਤਕੇ ਦਬਾਉਂਦੀ ਹੈ। ਇਸ ਤੋਂ ਕੋਈ ਇਨ-ਕਾਰ ਨਹੀਂ ਕਰਦਾ। ਕੀ ਕੋਈ ਐਸੀ ਮਿਸਾਲ ਦਿਤੀ ਜਾ ਸਕਦੀ ਹੈ ਕਿ ਨਕਸਲੀਆਂ ਦੇ ਕਿਸੇ ਗਰੁਪ ਨੇ ਸਰਕਾਰ ਦੀ ਇਸ ਨੀਤੀ ਦਾ ਸਮਰਥਨ ਕੀਤਾ ਹੋਵੇ ?" ਇਸ ਦੇ ਨਾਲ ਹੀ ਉਹ ਸਾਥੀ ਗੁਰਮੇਲ ਦੀ ਇਮਾਨਦਾਰੀ ਤੇ ਸਵਾਲੀਆ ਨਿਸ਼ਾਨ ਲਾਉਂਦੇ ਹਨ ਕਿਉਂ ਕਿ ਉਹਨਾਂ ਮੁਤਾਬਕ ਇਸ ਸਾਥੀ ਨੇ ਨਕਸਲੀ ਗਰੁੱਪਾਂ ਦਾ "ਸਟੈਂਡ ਸਮਝੇ ਬਿਨਾ ਹੀ ਉਹਨਾਂ ਉਤੇ ਇਲਜ਼ਾਮ ਲਗਾ ਦਿਤਾ ਹੈ ਕਿ ਉਹ ਸਰਕਾਰ ਦੇ ਹੱਕ ਵਿਚ ਭੁਗਤ ਰਹੇ ਹਨ" ਉਹਨਾਂ ਦਾ ਸਵਾਲ ਹੈ ਕਿ "ਇਹ ਕਿਹੋ ਜਿਹੀ ਇਮਾਨਦਾਰੀ ਹੈ ?"

ਸਭ ਤੋਂ ਪਹਿਲਾਂ ਉਹ ਮਿਸਾਲ ਹਾਜ਼ਰ ਹੈ ਜਿਸ ਦੀ ਸਾਥੀ ਗੁਰਸ਼ਰਨ ਸਿੰਘ ਨੇ ਮੰਗ ਕੀਤੀ ਹੈ। ਇਹ ਮਿਸਾਲ ਇਨਕਲਾਬੀ ਜਨਤਕ ਲੀਹ ਦੇ ਜੁਲਾਈ 85 ਅੰਕ 'ਚ ਦਿਤੀ ਜਾ ਰਹੀ ਹੈ। ਹਕੂਮਤ ਵਲੋਂ ਸਿੱਖ ਸੰਗਠਨਾਂ ਉਤੇ ਬੋਲੇ ਗਏ ਫੌਜੀ ਹਮਲੇ ਬਾਰੇ ਇਹ ਪਰਚਾ ਲਿਖਦਾ ਹੈ "ਇਹ ਹਕੀਕਤ ਝੁਠਲਾਈ ਨਹੀਂ ਜਾ ਸਕਦੀ ਕਿ ਖਾਲਸਤਾਨੀ ਦਹਿਸ਼ਤ ਪ੍ਰਸਤਾਂ ਖਿਲਾਫ ਹਕੂਮਤ ਵਲੋਂ ਹਥਿਆਰਬੰਦ ਹੱਲਾ ਬੋਲਿਆ ਜਾਣਾ ਲੋਕਾਂ ਦੀ ਇਨਕ-ਲਾਬੀ ਲਹਿਰ ਲਈ ਮਾੜੀ ਗੱਲ ਨਹੀਂ ਸੀ...ਜਿੰਨਾ ਚਿਰ ਇਹਦਾ ਹੱਲਾ ਪੰਜਾਬ ਦੀਆਂ ਲੋਕ ਸ਼ਕਤੀਆਂ ਦੇ ਵੇਲੇ ਦੇ ਸਭ ਤੋਂ ਖਤਰਨਾਕ ਦੁਸ਼ਮਣ ਖਿਲਾਫ ਸੇਧਿਆ ਹੋਇਆ ਸੀ, ਲੋਕਾਂ ਲਈ ਇਸ ਦੇ ਵਿਰੋਧ ਦਾ ਕਾਰਜ ਨਹੀਂ ਸੀ ਬਣਦਾ ਸਗੋਂ ਹਰ ਲੋਕ-ਪੱਖੀ ਲਈ ਹਕੂਮਤੀ ਹਥਿਆਰਬੰਦ ਸ਼ਕਤੀਆਂ ਅਤੇ ਫਿਰਕੂ ਦਹਿਸ਼ਤਗਰਦਾਂ ਦੀ ਟੱਕਰ 'ਚ ਫਿਰਕੂ ਦਹਿਸ਼ਤਗਰਦਾਂ ਦੀ ਹਾਰ ਦੀ

ਇੱਛਾ ਰੱਖਣੀ ਬਣਦੀ ਸੀ...ਇਸ ਨਾਲ ਸਿੱਖ ਜਨਤਾ ਦੇ ਜਜ਼ਬਾਤਾਂ ਨੂੰ ਧੱਕਾ ਪਹੁੰਚਿਆ ਹੈ...ਪਰ ਇਸ ਦਾ ਅਰਥ ਇਹ ਨਹੀਂ ਬਣਦਾ ਕਿ ਜਮਹੂਰੀ ਸ਼ਕਤੀਆਂ ਖਾਲਸਤਾਨੀ ਦਹਿਸ਼ਤ ਗਰਦਾਂ ਦੇ ਖਿਲਾਫ ਅਜਿਹੀ ਕਾਰਵਾਈ ਦੀ ਅਟੱਲ ਲੋੜ ਨੂੰ ਤਸਲੀਮ ਕਰਨ ਤੋਂ ਹੀ ਇਨਕਾਰ ਕਰ ਦੇਣ।" ਇਨਕਲਾਬੀ ਜਨਤਕ ਲੀਹ ਨੇ ਇਥੇ ਕੋਈ ਲੁਕਲੁਕਾ ਨਹੀਂ ਰੱਖਿਆ। ਪੂਰੀ ਤਰ੍ਹਾਂ ਸਪਸ਼ਟ ਗੱਲ ਆਖੀ ਹੈ। ਸਿੱਖ ਸੰਗਠਨਾਂ ਤੇ ਸਰਕਾਰੀ ਜ਼ਬਰ ਦੀ ਨਿਸ਼ੰਗ ਹਮਾਇਤ ਕੀਤੀ ਹੈ। ਜੇ ਇਹ ਲਾਈਨਾ ਸਾਥੀ ਗੁਰਸ਼ਰਨ ਸਿੰਘ ਦੀ ਨਜ਼ਰੇ ਨਹੀਂ ਪਈਆਂ ਤਾਂ ਭਲਾ ਸਾਥੀ ਗੁਰਮੇਲ ਦਾ ਇਸ ਵਿਚ ਕੀ ਕਸੂਰ ਹੈ ? ਜਨਤਕ ਲੀਹ ਮੁਤਾਬਕ ਹਥਿਆਰਬੰਦ ਸਿੱਖ ਸੰਗਠਨ ਲੋਕ ਸ਼ਕਤੀਆਂ ਦੇ ਹਕੂਮਤ ਨਾਲੋਂ ਵੀ ਵੱਧ ਖਤਰਨਾਕ ਦੁਸ਼ਮਣ ਹਨ। ਜੇ ਹਕੂਮਤ ਉਹਨਾਂ ਤੇ ਫੌਜੀ ਹਮਲਾ ਬੋਲਦੀ ਹੈ ਤਾਂ ਇਹ ਕੋਈ ਮਾੜੀ ਗੱਲ ਨਹੀਂ ਸਗੋਂ ਚੰਗੀ ਗੱਲ ਹੈ। ਲੋਕਾਂ ਨੂੰ ਸਰਕਾਰ ਦੀ ਜਿੱਤ ਅਤੇ ਸਿੱਖ ਸੰਗਠਨਾਂ ਦੀ ਹਾਰ ਦੀ ਇੱਛਾ ਰੱਖਣੀ ਚਾਹੀਦੀ ਹੈ। ਇਥੇ ਜਨਤਕ ਲੀਹ ਦਾ ਸਿੱਖ ਸੰਗਠਨਾਂ ਦੀ "ਹਾਰ ਦੀ ਇੱਛਾ ਰੱਖਣ" ਦਾ ਅਮਲੀ ਪੱਧਰ ਤੇ ਕੀ ਅਰਥ ਬਣਦਾ ਹੈ ਇਸ ਨੂੰ ਬੁਝਣਾ ਕੋਈ ਬਹੁਤਾ ਮੁਸ਼ਕਲ ਨਹੀਂ, ਪਾਠਕ ਖੁਦ ਆਪ ਹੀ ਇਸਦਾ ਅੰਦਾਜ਼ਾ ਲਾ ਸਕਦੇ ਹਨ।

ਇਨਕਲਾਬੀ ਜਨਤਕ ਲੀਹ ਦੀਆਂ ਇਹਨਾਂ ਸਾਫ਼ ਤੇ ਸਪਸ਼ਟ ਪੁਜ਼ੀਸ਼ਨਾਂ ਨੂੰ ਜਾਨਣ ਵਾਲਾ ਕੋਈ ਸਾਥੀ ਜੇ ਇਸ ਗਰੁੱਪ ਉਤੇ ਜਾਬਰ ਸਰਕਾਰ ਅਤੇ ਸਿੱਖ ਸੰਗਠਨਾਂ ਦਰਮਿਆਨ ਚਲ ਰਹੀ ਹਥਿਆਰਬੰਦ ਜੰਗ ਵਿਚ ਸਰਕਾਰ ਦਾ ਹਮਾਇਤੀ ਹੋਣ ਦਾ ਦੋਸ਼ ਲਾਉਂਦਾ ਹੈ ਤਾਂ ਉਸਦਾ ਦੋਸ਼ "ਹੋਛਾ" ਕਿਵੇਂ ਹੋਇਆ ? ਸਾਥੀ ਗੁਰਸ਼ਰਨ ਸਿੰਘ ਕੋਲ ਸਾਥੀ ਗੁਰਮੇਲ ਸਿੰਘ ਦੀ ਇਮਾਨਦਾਰੀ ਤੇ ਸਵਾਲੀਆ ਨਿਸ਼ਾਨ ਲਾਉਣ ਦਾ ਆਧਾਰ ਹੀ ਕੀ ਹੈ ?

ਅਸਲ ਵਿਚ ਸਾਥੀ ਗੁਰਸ਼ਰਨ ਸਿੰਘ ਦੀ ਸਮਸਿਆ ਇਹ ਹੈ ਕਿ ਜੋ ਕੁਝ ਉਹਨਾਂ ਦੀ ਖਾਹਸ਼ ਹੈ ਓਸੇ ਨੂੰ ਹੀ ਸਮਾਜੀ ਸਿਆਸੀ ਹਕੀਕਤ ਸਮਝ ਰਹੇ ਹਨ। ਉਹਨਾਂ ਦੇ ਇਨਕਲਾਬੀ ਮਨ ਦੀ ਆਵਾਜ਼ ਹੈ ਕਿ ਸਿੱਖ ਸੰਗਠਨਾਂ ਤੇ ਹਕੂਮਤ ਵਲੋਂ ਢਾਏ ਜਾ ਰਹੇ ਜਬਰ ਦੀ ਨਕਸਲੀ ਗਰੁੱਪਾਂ ਵਲੋਂ ਕਿਸੇ ਵੀ ਤਰਾਂ ਹਮਾਇਤ ਨਾ ਹੋਵੇ। ਸਮਤਾ ਦੇ ਜੂਨ ਅੰਕ ਵਿਚ ਹੀ ਉਹਨਾਂ ਨੇ ਘੱਟੋ ਘੱਟ ਤਿੰਨ ਥਾਵਾਂ ਤੇ ਨਕਸਲੀ ਗਰੁੱਪਾਂ ਨੂੰ ਇਸ ਸਬੰਧੀ ਚਿਤਾਵਨੀ ਦਿਤੀ ਹੈ। ਪਰ ਇਹ ਜ਼ਰੂਰੀ ਨਹੀਂ ਹੁੰਦਾ ਕਿ ਕਿਸੇ ਇਨਕਲਾਬੀ ਦੇ ਮਨ ਦੀ ਆਵਾਜ਼ ਅਤੇ ਸਿਆਸੀ ਹਕੀਕਤ ਜ਼ਰੂਰ ਹੀ ਮੇਲ ਖਾਂਦੇ ਹੋਣ, ਭਾਵੇਂ ਕਿ ਉਹ ਆਵਾਜ਼ ਕਿੰਨੀ ਵੀ ਪਵਿਤਰ ਕਿਉਂ ਨਾ ਹੋਵੇ। ਜਿਵੇਂ ਉਪਰ ਜਨਤਕ ਲੀਹ ਵਿਚ ਦੇਖਿਆ ਗਿਆ ਹੈ। ਅੱਜ ਤਾਂ ਇਹ ਕਿਸੇ ਤਰਾਂ ਵੀ ਮੇਲ ਨਹੀਂ ਖਾ ਰਹੇ। ਸੋ ਭਾ ਜੀ ਹੁਰਾਂ ਨੂੰ ਆਪਣੀਆਂ ਖਾਹਸ਼ਾਂ ਦੀ ਦੁਨੀਆਂ ਵਿਚੋਂ ਬਾਹਰ ਨਿਕਲਕੇ ਹਕੀਕਤਮੁਖੀ ਹੋਣਾ ਚਾਹੀਦਾ ਹੈ। ਲਹਿਰ ਦਾ ਭਲਾ ਇਸੇ ਵਿਚ ਹੈ। ਜਦੋਂ ਨਕਸਲੀ ਸਫਾਂ ਨੂੰ ਸਾਫ਼ ਹੋ ਗਿਆ ਕਿ ਉਹਨਾਂ ਦੇ ਆਗੂ ਲਹਿਰ ਨੂੰ ਸਰਕਾਰ ਦੀ ਹਮਾਇਤ ਵਿਚ ਲੈ ਗਏ ਹਨ ਤਾਂ ਉਹ ਜ਼ਰੂਰ ਹੀ ਇਸਨੂੰ ਮੁੜ ਇਨਕਲਾਬੀ ਲੀਹ ਤੇ ਪਾਉਣ ਲਈ ਜ਼ੋਰ ਮਾਰਨਗੇ। ਸਾਡੇ ਵਿਚ ਸੱਚ ਨੂੰ ਸੱਚ ਕਹਿਣ ਦੀ ਹਿੰਮਤ ਹੋਣੀ ਚਾਹੀਦੀ ਹੈ। ਕਾਮਰੇਡ ਲੈਨਿਨ ਦੀ ਵੀ ਸਾਨੂੰ ਇਹੋ ਹੀ ਹਦਾਇਤ ਹੈ। ਉਹਨਾਂ ਦਸਿਆ ਸੀ "ਸਮਾਜਵਾਦੀ ਪਾਰਟੀਆਂ ਕੋਈ ਬਹਿਸ-ਭੇੜ ਦੇ ਅਖਾੜੇ ਨਹੀਂ ਹੁੰਦੇ, ਸਗੋਂ ਇਹ 'ਪਰੋਲਤਾਰੀ ਦੀਆਂ ਲੜਾਕੂ ਜਥੇਬੰਦੀਆਂ ਹੁੰਦੀਆਂ ਹਨ, ਜਦੋਂ ਕੁਝ ਦਸਤੇ ਦੁਸ਼ਮਣ ਵੱਲ ਚਲੇ ਜਾਣ ਤਾਂ ਉਹਨਾਂ ਦਾ ਨਾਉਂ ਲਿਆ ਜਾਣਾ ਤੇ ਉਹਨਾਂ ਨੂੰ ਗ਼ਦਾਰ ਕਰਾਰ ਦਿਤਾ ਜਾਣਾ ਚਾਹੀਦਾ ਹੈ।"

ਜਿਥੋਂ ਤਕ ਸੁਰਖ ਰੇਖਾ ਗਰੁੱਪ ਦਾ ਸਬੰਧ ਹੈ ਜੋ ਕੁਝ ਸਾਥੀ ਗੁਰਮੇਲ ਸਿੰਘ ਨੇ ਆਪਣੀ ਚਿੱਠੀ ਵਿਚ ਲਿਖਿਆ ਹੈ ਉਹ ਇਸ ਗਰੁੱਪ ਨੂੰ ਸਰਕਾਰ ਦਾ ਹਮਾਇਤੀ ਸਾਬਤ ਕਰਨ ਲਈ ਕਾਫੀ ਹੈ। ਭਾਜੀ ਗੁਰਸ਼ਰਨ ਸਿੰਘ ਵੀ ਸਾਥੀ ਗੁਰਮੇਲ ਦੀਆਂ ਦਲੀਲਾਂ ਨੂੰ ਕੱਟ ਨਹੀਂ ਸਕੇ। ਇਸ ਲਈ ਇਥੇ ਉਸ ਗਰੁੱਪ ਬਾਰੇ ਹੋਰ ਕੁਝ ਲਿਖਣ ਦੀ ਲੋੜ ਹਹੀਂ ਲਗਦੀ।

ਸਿਰਫ ਨਕਸਲੀ ਗਰੁੱਪ ਹੀ ਨਹੀਂ ਮੰਨੇ ਪ੍ਰਮੰਨੇ ਮਾਰਕਸੀ ਬੁਧੀਜੀਵੀ ਵੀ ਨੰਗੇ ਚਿੱਟੇ ਰੂਪ ਵਿਚ ਸਰਕਾਰ ਦੇ ਪਿਛੇ ਲੱਗ ਤੁਰੇ ਹਨ। ਪ੍ਰੋਫੈਸਰ ਬਿਪਨ ਚੰਦਰ ਦਾ 17 ਮਈ ਦੇ ਸੰਡੇ ਅੰਬਜ਼ਰਵਰ ਵਿਚ ਇਕ ਲੇਖ ਛਪਿਆ ਹੈ। ਇਸ ਲੇਖ ਅਨੁਸਾਰ ਪੰਜਾਬ ਅੰਦਰ "ਰਾਸ਼ਟਰਪਤੀ ਰਾਜ ਦਾ ਕੋਈ ਅਰਥ ਤਾਂ ਹੀ ਬਣਦਾ ਹੈ ਜੇ ਇਹ ਸਮਝ ਲਿਆ ਜਾਵੇ ਕਿ ਪੰਜਾਬ ਅੰਦਰ ਫਿਰਕਾਪ੍ਰਸਤੀ, ਵੱਖਵਾਦ ਅਤੇ ਦਹਿਸ਼ਤਵਾਦ ਨੂੰ ਸਖਤੀ ਨਾਲ ਨਜਿਠਣਾ ਪਵੇਗਾ... ਸਖਤੀ ਵਾਲੀ ਨੀਤੀ ਤਾਂ ਹੀ ਸਿੱਟੇ ਕੱਢ ਸਕਦੀ ਹੈ ਜੇ ਇਸਨੂੰ ਕਾਫੀ ਲੰਮੇ ਸਮੇਂ ਲਈ ਲਾਗੂ ਕੀਤਾ ਜਾਵੇ। ਮਹੀਨਿਆਂ ਦਾ ਨਹੀਂ ਸਾਲਾਂ ਦਾ ਦਾਈਆ ਰੱਖਣਾ ਚਾਹੀਦਾ ਹੈ। ਪੰਜਾਬ ਦੇ ਲੋਕਾਂ ਨੂੰ ਜਾਣ ਲੈਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਯਕੀਨ ਦਿਵਾ ਦਿਤਾ ਜਾਣਾ ਚਾਹੀਦਾ ਹੈ ਕਿ ਕੇਂਦਰੀ ਸਰਕਾਰ ਪੰਜਾਬ ਅੰਦਰ "ਜ਼ਖ਼ਮਾਂ ਤੇ

ਮਲ੍ਹਮ ਲਾਉਣ", ਜਾਂ ਆਮ ਵਰਗੀਆਂ ਹਾਲਤਾਂ ਮੁੜ ਬਹਾਲ ਕਰਨ ਜਾਂ ਪੰਜਾਬ ਦੇ ਲੋਕਾਂ ਨੂੰ ਸਰਕਾਰ ਸੌਂਪਣ ਵਰਗੇ ਨਾਵਾਂ ਹੇਠ ਪਹਿਲਾਂ ਵਰਗੀ ਕਮਜ਼ੋਰ ਹਕੂਮਤ, ਸੰਥਾਪਤ ਕਰਨ ਜਾਂ ਪਤਿਆਕੇ ਰੱਖਣ ਵਾਲੀ ਨੀਤੀ ਵੱਲ ਨਹੀਂ ਮੁੜੇਗੀ...ਸਰਕਾਰ ਨੂੰ ਐਲਾਨ ਕਰਨਾ ਚਾਹੀਦਾ ਹੈ ਕਿ ਡੈਮੋਕਰੇਸੀ ਅਤੇ ਦਹਿਸ਼ਤਵਾਦ ਇਕੱਠੇ ਇਕੱਠੇ ਨਹੀਂ ਚਲ ਸਕਦੇ । ਇਸ ਮੌਕੇ ਸਾਰੀਆਂ ਵਿਰੋਧੀ ਸੈਕੂਲਰ ਪਾਰਟੀਆਂ ਖਾਸ ਕਰਕੇ ਖੱਬੀਆਂ ਪਾਰਟੀਆਂ ਦਾ ਵਿਸ਼ੇਸ਼ ਰੋਲ ਬਣਦਾ ਹੈ। ਉਹਨਾਂ ਨੂੰ ਸਰਕਾਰ ਵੱਲੋਂ ਫਿਰਕਾਪ੍ਰਸਤੀ ਅਤੇ ਅੱਤਵਾਦ ਨਾਲ ਨਜਿੱਠਣ ਲਈ ਕੀਤੀਆਂ ਜਾਣ ਵਾਲੀਆਂ ਅਸੂਲੀ ਕੋਸ਼ਿਸ਼ਾਂ ਦੀ ਪੂਰੀ ਪੂਰੀ ਹਮਾਇਤ ਕਰਨੀ ਚਾਹੀਦੀ ਹੈ" ਬਹੁਤ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਕੌਮਾਂਤਰੀ ਪ੍ਰਸਿਧੀ ਵਾਲੇ ਮਾਰਕਸੀ ਬੁਧੀਜੀਵੀ ਬਿਪਨ ਚੰਦਰ ਅਤੇ ਹਿੰਦੂ ਫਿਰਕਾ-ਪ੍ਰਸਤੀ ਦੇ ਸਿਧਾਂਤਕਾਰ ਗਿਰੀਲਾਲ ਜੈਨ ਵੱਲੋਂ ਟਾਈਮਜ਼ ਆਫ ਇੰਡੀਆ ਦੀ 9 ਜੂਨ ਨੂੰ ਲਿਖੀ ਗਈ ਸੰਪਾਦਕੀ 'ਚ ਭੋਰਾ ਭਰ ਵੀ ਫਰਕ ਨਹੀਂ । ਇਥੇ, ਗਿਰੀਲਾਲ ਜੈਨ ਨਾਲ ਮੁਕਾਬਲਾ ਕਰਨ ਦਾ ਮਤਲਬ ਪ੍ਰੋਫੈਸਰ ਬਿਪਨ ਚੰਦਰ ਦੀ ਸਖਸ਼ੀਅਤ ਵਿਚ ਕੋਈ ਨੁਕਸ ਕੱਢਣਾ ਨਹੀਂ— ਨੁਕਸ ਤਾਂ ਉਹਨਾਂ ਦੀ ਸਿਆਸੀ—ਵਿਚਾਰਧਾਰਕ ਸਮਝ ਦਾ ਹੈ ਜੋ ਨਾ ਤਾਂ ਕੇਂਦਰ ਤੇ ਹਾਵੀ ਹਿੰਦੂ ਸ਼ਾਵਨਵਾਦ ਦੀ ਹਕੀਕਤ ਨੂੰ ਤਸਲੀਮ ਕਰਦੀ ਹੈ ਅਤੇ ਨਾ ਹੀ ਭਾਰਤ ਅੰਦਰਲੀਆਂ ਵੱਖ ਵੱਖ ਕੌਮਾਂ ਦੀ ਸਵੈਇਛਤ ਫੈਡਰੇਸ਼ਨ ਦੀ ਇਤਿਹਾਸਕ ਲੋੜ ਨੂੰ—ਸਗੋਂ ਉਹਨਾਂ ਨਾਲ ਰਲਦੀ ਮਿਲਦੀ ਸਮਝ ਵਾਲੇ ਪੰਜਾਬ ਦੇ ਕਾਮਰੇਡਾਂ ਨੂੰ ਉਹਨਾਂ ਦੀ ਸਮਝ ਦਾ ਤਰਕ ਅਤੇ ਇਸੇ ਤਰ੍ਹਾਂ ਉਹਨਾਂ ਦਾ ਭਵਿੱਖ ਦਿਖਾਉਣਾ ਹੈ।

ਇਥੇ ਇਕ ਖੁਸ਼ੀ ਵਾਲੀ ਗੱਲ ਇਹ ਹੈ ਕਿ ਸਾਥੀ ਗੁਰਸ਼ਰਨ ਸਿੰਘ ਨੇ ਬਿਪਨ ਚੰਦਰ ਅਤੇ ਬਹੁਤੇ ਨਕਸਲੀ ਗਰੁੱਪਾਂ ਦੀਆਂ ਉਪਰ ਬਿਆਨੀਆਂ ਗਲਤ ਸਿਧਾਂਤਕ ਪੁਜ਼ੀਸ਼ਨਾਂ ਨਾਲੋਂ ਕਾਫੀ ਤੋੜ ਵਿਛੋੜਾ ਕਰ ਲਿਆ ਹੈ । ਉਹਨਾਂ ਨੇ ਸਮਤਾ ਦੇ ਜੂਨ ਅੰਕ ਵਿਚ ਬਹੁਤ ਹੀ ਸਾਫ ਸ਼ਬਦਾਂ ਵਿਚ ਐਲਾਨ ਕੀਤਾ ਕਿ "ਕੇਂਦਰ ਵਿਚ ਹਿੰਦੂ ਸ਼ਾਵਨਵਾਦ ਹਾਵੀ ਹੈ । (ਸਫਾ ਅੱਠ) ਉਮੀਦ ਹੈ ਕਿ ਉਹ ਜਲਦੀ ਹੀ ਆਪਣੀ ਇਸ ਸਿਧਾਂਤਕ ਪੁਜ਼ੀਸ਼ਨ ਦੀਆਂ ਸਿਆਸੀ ਅਰਥ-ਸੰਭਾਵਨਾਵਾਂ (Political implications) ਨੂੰ ਫਰੋਲਕੇ ਸਮਤਾ ਦੇ ਪਾਠਕਾਂ ਅਤੇ ਪੰਜਾਬ ਦੀਆਂ ਇਨਕਲਾਬੀ ਸਫਾਂ ਮੂਹਰੇ ਰੱਖਣਗੇ । ਇਸ ਦਰੁਸਤ ਪੁਜ਼ੀਸ਼ਨ ਦਾ ਤਰਕ ਸਾਡੇ ਕੋਲੋਂ ਸਾਡੀ ਸਿਆਸਤ ਵਿਚ ਕਈ ਮਹੱਤਵਪੂਰਨ ਤਬਦੀਲੀਆਂ ਕਰਨ ਦੀ ਮੰਗ ਕਰੇਗਾ ।

ਅਖੀਰ ਵਿਚ ਇਕ ਹੋਰ ਗੱਲ ਬਾਰੇ ਸਪਸ਼ਟ ਹੋਣ ਦੀ ਲੋੜ ਹੈ । ਸਰਕਾਰ ਦਾ ਸਿਆਸੀ ਪੱਖੋਂ ਹਮਾਇਤ ਹੋਣਾ ਅਤੇ ਪੁਲਸ ਦਾ ਮੁਖਬਰ ਹੋਣਾ ਦੋ ਵੱਖ ਵੱਖ ਗੱਲਾਂ ਹਨ । ਜਿਵੇਂ ਭਾਜੀ ਹੋਰਾਂ ਲਿਖਿਆ ਹੈ ਆਪਸੀ ਬਹਿਸ ਸਮੇਂ ਪੁਲਸ ਮੁਖਬਰੀ ਦਾ ਦੋਸ਼ ਲਾਉਣ ਤੋਂ ਜ਼ਰੂਰ ਹੀ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ ਪਰ ਇਥ ਕੁਝ ਸਵਾਲ ਹਨ ਜਿਹਨਾਂ ਦਾ ਜਵਾਬ ਵੀ ਸਾਨੂੰ ਦੇਣਾ ਹੀ ਪਵੇਗਾ ।

ਜੇ ਕੋਈ ਗਰੁੱਪ ਆਪਣੇ ਅੰਡਰ-ਗਰਾਊਂਡ ਸਿਆਸੀ ਵਿਰੋਧੀਆਂ ਦੀਆਂ ਛੁਪਣ ਵਾਲੀਆਂ ਥਾਵਾਂ ਬਾਰੇ ਜਾਣ-ਕਾਰੀ ਆਪਣੇ ਪਰਚੇ ਵਿਚ ਖੁਲ੍ਹੇਆਮ ਛਾਪੇ ਤਾਂ ਉਸਨੂੰ ਕੀ ਕਿਹਾ ਜਾਵੇ ? ਜਨਤਕ ਲੀਹ ਸਿੱਖ ਸੰਗਠਨਾਂ ਬਾਰੇ ਅਜਿਹਾ ਕਰ ਰਿਹਾ ਹੈ ।

ਜੇ ਕੋਈ ਗਰੁੱਪ ਕਿਸੇ ਪੁਲਸ ਅਫਸਰ ਦੇ ਇਸ਼ਾਰੇ ਉਤੇ ਖਾਲਸਤਾਨੀ ਸਿੱਖਾਂ ਦੇ ਕੁਝ ਅਜਿਹੇ ਕਤਲਾਂ ਦੀ ਜ਼ੁੰਮੇਵਾਰੀ ਆਪਣੇ ਸਿਰ ਲਵੇ ਜੋ ਉਸਨੇ ਕੀਤੇ ਹੀ ਨਾ ਹੋਣ ਤਾਂ ਉਸ ਗਰੁੱਪ ਨੂੰ ਕੀ ਕਿਹਾ ਜਾਵੇ ? ਇੰਡੀਅਨ ਐਕਸਪਰੈਸ ਦੇ ਪੱਤਰਕਾਰ ਜਗਤਾਰ ਸਿੰਘ ਨੇ ਕੁਝ ਦਿਨ ਪਹਿਲਾਂ ਆਪਣੀ ਇਕ ਰਿਪੋਰਟ ਵਿਚ ਇਕ ਅਜਿਹੇ ਗਰੁੱਪ ਦਾ ਨਾਂਅ ਰੈਡ ਗਾਰਡ ਦੱਸਿਆ ਸੀ।

ਜੇ ਕੋਈ ਪਰਚਾ ਖੁਲ੍ਹੇਆਮ ਕੰਮ ਕਰ ਰਹੇ ਆਪਣੇ ਸਿਆਸੀ ਵਿਰੋਧੀਆਂ ਜਾਂ ਇਨਕਲਾਬੀ ਪਰਚਿਆਂ ਦਾ ਨਾਂਅ ਉਸ ਸਮੇਂ ਕਿਸੇ ਅਜਿਹੀ ਗੁਪਤ ਹਥਿਆਰਬੰਦ ਫੋਰਸ ਨਾਲ ਜੋੜੇ ਜਦੋਂ ਕਿ ਪੁਲਸ ਉਸ ਫੋਰਸ ਦਾ ਖੁਰਾ ਖੋਜ ਕੱਢਣ ਲਈ ਪੂਰਾ ਜ਼ੋਰ ਲਾ ਰਹੀ ਹੋਵੇ ਤਾਂ ਅਜਿਹੇ ਪਰਚਿਆਂ ਨੂੰ ਕੀ ਕਿਹਾ ਜਾਵੇ ? ਜਨਤਕ ਲੀਹ ਅਤੇ ਸੁਰਖ ਰੇਖਾ ਅਜਿਹੇ ਕੰਮ ਕਰ ਰਹੇ ਹਨ।

ਹਰਜੀਤ ਸਿੰਘ ਅਟਵਾਲ
ਪਿੰਡ ਕਾਹਲਵਾਂ (ਜਲੰਧਰ)

## 4. ਮਸਲੇ ਦੀ ਗਲਤ ਰੁਖ ਪੇਸ਼ਕਾਰੀ ਤੋਂ ਬਚੋ

ਭਾਅ ਜੀ, ਮਈ ਅੰਕ ਵਿਚ ਛਪੀ ਇਕਬਾਲ ਸਿੰਘ ਪਤੜ ਦੀ ਚਿੱਠੀ ਸਬੰਧੀ ਜੂਨ ਅੰਕ ਵਿਚ ਛਪੇ ਤੁਹਾਡੇ ਅਤੇ ਕੁਝ ਹੋਰਨਾਂ ਦੇ ਪ੍ਰਤੀਕਰਮ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਤੁਸੀਂ ਮਸਲੇ ਨੂੰ ਅਸਲੋਂ ਹੀ ਗਲਤ ਰੂਪ 'ਚ ਦੇਖ ਕੇ ਪੇਸ਼ ਕਰ ਰਹੇ ਹੋਂ । ਕਮਿ: ਇਨਕਲਾਬੀਆਂ ਸਾਹਮਣੇ ਮਸਲਾ ਸਿੱਖ ਕੱਟੜਪੰਥੀ ਲਹਿਰ ਦੀ ਹਮਾਇਤ ਕਰਨ ਜਾਂ ਨਾ ਕਰਨ ਦਾ ਨਹੀਂ (ਜਿਵੇਂ ਤੁਸੀਂ ਇਸਨੂੰ ਗਲਤ ਰੰਗਤ ਦੇ ਕੇ ਪੇਸ਼ ਕਰ ਰਹੇ ਹੋ) ਸਗੋਂ ਪੰਜਾਬ ਦੀ ਭਖੀ ਹੋਈ ਜਾਂ ਕਹਿ ਲਵੋ ਲਟ ਲਟ ਬਲਦੀ ਹੋਈ, ਸਿਆਸੀ ਹਾਲਤ ਅੰਦਰ ਅਸਰਦਾਰ ਰੂਪ 'ਚ ਦਖ਼ਲ

ਅੰਦਾਜ਼ੀ (intervene) ਕਰਨ ਦਾ ਹੈ। ਇਸ ਲਈ ਬਹਿਸ ਇਸ ਬੁਨਿਆਦੀ ਨੁਕਤੇ ਦੁਆਲੇ ਕੇਂਦਰਤ ਹੋਣੀ ਚਾਹੀਦੀ ਹੈ ਕਿ ਪੰਜਾਬ ਦੇ ਕਮਿਊਨਿਸਟ ਇਨਕਲਾਬੀ ਕਿਸ ਢੰਗ ਨਾਲ ਜਾਂ ਕਿਸ ਅਧਾਰ ਤੇ, ਮੌਜੂਦਾ ਸਿਆਸੀ ਹਾਲਤ 'ਚ ਆਪਣਾ ਅਸਰਦਾਰ ਦਖਲ ਬਣਾਉਣ ? ਮੇਰੀ ਮੱਤ ਅਨੁਸਾਰ, ਇਸ ਸੰਬੰਧੀ, ਪੰਜਾਬ ਦੇ ਨਕਸਲੀ ਹਲਕਿਆਂ ਅੰਦਰ ਹੁਣ ਤੱਕ ਤਿੰਨ ਪਾਟਵੇ ਮੱਤ ਉਭਰਕੇ ਸਾਹਮਣੇ ਆਏ ਹਨ। ਇਕ ਮੱਤ ਅਨੁਸਾਰ ਪੰਜਾਬ ਅੰਦਰ ਪੈਦਾ ਹੋਣੀ ਮੌਜੂਦਾ ਹਾਲਤ ਦਾ ਸਾਰ-ਤੱਤ, ਹਾਕਮ ਜਮਾਤਾਂ ਦਾ ਆਪਣਾ ਆਪਸੀ ਕਜੀਆ-ਕਲੇਸ਼ ਹੈ ਅਤੇ ਇਸ ਕਜੀਆ-ਕਲੇਸ਼ 'ਚੋਂ ਹੀ ਉਨ੍ਹਾਂ ਨੇ ਗਲਤ ਮਸਲੇ ਖੜ੍ਹੇ ਕਰਕੇ ਫਿਰਕੂ ਸਮੱਸਿਆ ਪੈਦਾ ਕਰ ਰੱਖੀ ਹੋਈ ਹੈ। ਇਸ ਲਈ ਕਮਿ: ਇਨਕਲਾਬੀਆਂ ਦਾ ਇਹ ਕਾਰਜ ਤੇ ਫਰਜ਼ ਬਣਦਾ ਹੈ ਕਿ ਉਹ ਲੋਕਾਂ ਸਾਹਮਣੇ ਹਾਕਮ ਜਮਾਤਾਂ ਦੀ ਇਸ ਲੋਕ-ਦੋਖੀ ਖੇਡ ਦਾ ਭਰਵੇਂ ਰੂਪ 'ਚ ਪਰਦਾਚਾਕ ਕਰਨ। ਯਾਨੀ ਕਿ ਇਸ ਲੋਕ-ਦੋਖੀ ਸਿਆਸਤ ਨੂੰ ਜ਼ੋਰਦਾਰ ਰੂਪ 'ਚ ਭੰਡਿਆ ਤੇ ਨਿੰਦਿਆ ਜਾਵੇ। ਇਸ ਵਿਸ਼ਲੇਸ਼ਣ 'ਚੋਂ ਨਿਕਲੀ ਇਸ ਨਕਾਰਾਤਮਿਕ ਪੈਂਤੜੇਬਾਜ਼ੀ ਦਾ ਮੰਤਕ ਕਮਿ: ਇਨਕਲਾਬੀਆਂ ਨੂੰ ਇਕ ਪੂਰੀ-ਸੂਰੀ ਨਕਾਰਾਤਮਿਕ ਸਿਆਸਤ ਤੇ ਸਰਗਰਮੀ ਦੇ ਲੜ ਲਾਉਣ ਵੱਲ ਲਿਜਾਂਦਾ ਹੈ। ਭਾਵ, ਹਾਕਮ ਜਮਾਤਾਂ ਨੂੰ ਖੂਬ ਜ਼ੋਰ ਨਾਲ ਭੰਡੋ ਤੇ ਨਿੰਦੋ। ਜੇਕਰ ਸੌ ਗਾਲ੍ਹ ਨਾਲ ਨਹੀਂ ਸਰਦਾ ਤਾਂ ਹਜ਼ਾਰ ਗਾਲ੍ਹ ਕੱਢੋ, ਜੇਕਰ 'ਕੱਲਿਆਂ 'ਕੱਲਿਆਂ ਗਾਲ੍ਹ ਕੱਢਣ ਨਾਲ ਗੱਲ ਨਹੀਂ ਬਣਦੀ ਤਾਂ ਸਾਰੇ ਰਲਕੇ, ਉੱਚੀ ਉੱਚੀ ਗਾਲ੍ਹਾਂ ਕਢੋ। ਇਸ ਤਰ੍ਹਾਂ, ਲੋਕਾਂ ਨੂੰ ਹਾਕਮ ਜਮਾਤਾਂ ਦੀ ਲੋਕ-ਦੋਖੀ ਸਿਆਸਤ ਤੋਂ ਜਾਣੂ ਕਰਵਾ ਕੇ, ਉਹਨਾਂ ਨੂੰ ਲੋਕਾਂ ਚੋਂ ਪੂਰੀ ਤਰ੍ਹਾਂ ਨਖੇੜ ਸੁੱਟੋ ਅਤੇ, ਇਸ ਅਮਲ ਦੇ ਜਰ੍ਹੀਏ, ਪੰਜਾਬ ਅੰਦਰ ਵਿਚਰ ਰਹੀ ਮੌਜੂਦਾ "ਅਸਾਧਾਰਨ" ਹਾਲਤ ਨੂੰ ਸਧਾਰਨ ਪੱਧਰ ਤੇ ਲਿਆਂਦਾ ਜਾਵੇ ਤੇ ਫਿਰ ਅਮਲੀ ਲੋਕ-ਮਸਲਿਆ ਤੇ ਉਸਾਰੂ ਸਰਗਰਮੀ ਦੇ ਅਮਲ ਨੂੰ ਅੱਗੇ ਵਧਾਇਆ ਜਾਵੇ। ਇਸ ਸੋਚ ਦੀ ਸਿਧਾਂਤਕ ਤਰਜਮਾਨੀ "ਨਾਗੀਰੈਡੀ ਗਰੁੱਪ" ਵੱਲੋਂ ਕੀਤੀ ਜਾ ਰਹੀ ਹੈ, ਅਤੇ ਇਸ ਨੂੰ ਸੰਗੀਤ ਨਾਲ ਸੰਵਾਰ ਰਹੇ ਹਨ 'ਟਾਕਰਾ' ਤੇ 'ਸੁਰਖ ਰੇਖਾ' ਵਾਲੇ।

ਇਸ ਦੇ ਉਲਟ, "ਪੈਗ਼ਾਮ" ਵਾਲਿਆਂ ਦੇ ਮੱਤ ਅਨੁਸਾਰ, ਪੰਜਾਬ ਦੀ ਮੌਜੂਦਾ ਹਾਲਤ ਦਾ ਸਾਰ-ਤੱਤ, ਹਾਕਮ ਜਮਾਤਾਂ ਦਾ ਆਪਸੀ ਕਾਟੋ-ਕਲੇਸ਼ ਨਹੀਂ, ਸਗੋਂ ਪੰਜਾਬੀ ਕੌਮ ਦੀ ਮੁਕਤੀ ਨਾਲ ਸਬੰਧਤ ਕੁਝ ਬੁਨਿਆਦੀ ਆਰਥਕ ਸਭਿਆਚਾਰਕ ਤੇ ਸਿਆਸੀ ਮਸਲੇ ਹਨ। ਕੁੱਝ ਇਤਿਹਾਸਕ ਕਾਰਨਾਂ ਕਰਕੇ, ਸਿੱਖ ਧਾਰਮਿਕ ਘੱਟ ਗਿਣਤੀ ਦੇ ਕੁਝ ਮਸਲੇ ਵੀ ਪੰਜਾਬੀ ਕੌਮ ਦੀਆਂ ਇਹਨਾਂ ਬੁਨਿਆਦੀ ਸਮੱਸਿਆਵਾਂ ਨਾਲ ਉਲਟ-ਵਿਲ੍ਹਟ ਕੇ ਰਹਿ ਗਏ ਹਨ। ਭਾਵੇਂ ਇਹ ਲਹਿਰ ਕੁੱਝ ਬਹੁਤ ਹੀ ਗਲਤ ਤੇ ਵਿਗੜੇ ਹੋਏ ਰੂਪ ਅਖਤਿਆਰ ਕਰ ਰਹੀ ਹੈ, ਪਰ ਇਹਨਾਂ ਵਿਗੜੇ ਹੋਏ "ਰੂਪਾਂ" ਤੋਂ ਲਹਿਰ ਦੇ "ਤੱਤ" ਬਾਰੇ ਨਿਰਣਾ ਕਰ ਲੈਣਾ ਗਲਤ ਹੋਵੇਗਾ। ਇਸ ਮੱਤ ਦੀ ਇਹ ਜ਼ੋਰਦਾਰ ਧਾਰਨਾ ਹੈ ਜਿੰਨਾਂ ਚਿਰ ਕਮਿ: ਇਨਕਲਾਬੀਆਂ ਵਲੋਂ, ਹਾਂ ਪੱਖੀ ਰੂਪ 'ਚ, ਪੰਜਾਬੀ ਕੌਮ ਦੀ ਮੁਕਤੀ ਦੇ ਮਸਲਿਆਂ ਨੂੰ ਉਭਾਰਿਆ ਤੇ ਆਪਣੀਆਂ ਸਰਗਰਮੀਆਂ ਦਾ ਚੂਲ-ਨੁਕਤਾ ਨਹੀਂ ਬਣਾਇਆ ਜਾਂਦਾ, ਉਨਾਂ ਚਿਰ, ਪੰਜਾਬ ਦੀ ਸਿਆਸੀ ਹਾਲਤ ਅੰਦਰ, ਕਿਸੇ ਵੀ ਤਰ੍ਹਾਂ ਅਸਰਦਾਰ ਰੂਪ 'ਚ ਦਖਲ-ਅੰਦਾਜ਼ ਨਹੀਂ ਹੋਇਆ ਜਾ ਸਕਦਾ। ਆਪਦੀ ਇਸ ਹਾਂ-ਪੱਖੀ ਸਰਗਰਮੀ ਦੇ ਅਧਾਰ 'ਤੇ ਹੀ ਸਿੱਖ ਕੱਟੜਪੰਥੀਆਂ ਦੇ ਗਲਤ ਨਜ਼ਰੀਏ ਤੇ ਉਹਨਾਂ ਦੇ ਕੁਚੱਜੇ ਨੀਤੀ-ਪੈਂਤੜਿਆਂ ਦਾ ਵਿਰੋਧ ਤੇ ਪੜਚੋਲ ਕੀਤੀ ਜਾਣੀ ਚਾਹੀਦੀ ਹੈ। ਸਿੱਖ ਕੱਟੜਪੰਥੀਆਂ ਦੀ ਇਸ ਤਰ੍ਹਾਂ ਦੀ ਉਸਾਰੂ ਪੜਚੋਲ ਹੀ ਉਹਨਾਂ ਦੇ ਕੁਝ ਗੁਮਰਾਹ ਹੋਏ, ਪਰ ਹੋਣਹਾਰ, ਹਿੱਸਿਆਂ ਨੂੰ ਲੋਕ-ਪੱਖੀ ਪੱਤੜੇ ਤੇ ਪੱਖ 'ਚ ਜਿੱਤਣ ਅਤੇ ਗਲਤ ਰਾਹ 'ਤੇ ਬਜ਼ਿਦ ਹਿੱਸਿਆਂ ਨੂੰ ਲੋਕਾਂ 'ਚੋਂ ਨਿਖੇੜਨ 'ਚ ਸਹਾਈ ਹੋ ਸਕਦੀ ਹੈ। ਕਮਿ: ਇਨਕਲਾਬੀਆਂ ਦਾ ਨਕਾਰਾਤਮਿਕ ਪੈਂਤੜਾ ਕਿਸੇ ਵੀ ਤਰ੍ਹਾਂ ਸਿੱਖ ਕੱਟੜਪੰਥੀਆਂ ਨੂੰ ਲੋਕਾਂ 'ਚੋਂ ਨਿਖੇੜਨ 'ਚ ਨਾਂ ਪਹਿਲਾਂ ਸਫਲ ਹੋਇਆ ਹੈ, ਤੇ ਨਾ ਹੀ ਅਗਾਂਹ ਨੂੰ ਹੋ ਸਕਦਾ ਹੈ।

ਤੀਜਾ ਮੱਤ, ਇਹਨਾਂ ਦੋਨੋਂ ਵਿਚਾਰਾਂ ਨੂੰ ਇੱਕੋ ਗਲਤੀ ਦੇ ਦੋ ਉਲਟ ਰੁਖ ਸਿਰਿਆਂ ਦੇ ਰੂਪ 'ਚ ਦੇਖਦਾ ਹੈ। ਇਸ ਅਨੁਸਾਰ, ਪੰਜਾਬ ਅੰਦਰ ਉਭਰੇ ਹੋਏ ਮੌਜੂਦਾ ਮਸਲਿਆਂ ਨੂੰ ਥੋਕ-ਰੂਪ 'ਚ ਗਲਤ ਤੇ ਤਿਲਕਾਊ ਕਹਿਣਾ ਠੀਕ ਨਹੀਂ ਅਤੇ ਇਹਨਾਂ ਨੂੰ "ਮੁੱਖ ਮਸਲਿਆਂ" ਦੇ ਰੂਪ 'ਚ ਪੇਸ਼ ਕਰਨਾ ਵੀ ਗਲਤ ਹੈ। ਜਮਾਤੀ ਮਸਲਿਆਂ ਨੂੰ ਮੁੱਖ ਥਾਂ 'ਤੇ ਰਖਦੇ ਹੋਏ, ਕਮਿ: ਇਨਕਲਾਬੀਆਂ ਨੂੰ, ਇਹਨਾਂ ਮਸਲਿਆਂ (ਜਿਵੇਂ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ, ਦਰਿਆਈ ਪਾਣੀਆਂ ਦਾ ਝਗੜਾ, ਕੇਂਦਰੀ ਹਾਕਮਾਂ ਦਾ ਹਿੰਦੂ ਹੰਕਾਰੀ ਰਵਈਆ ਆਦਿ) ਨੂੰ ਵੀ ਆਪਣੇ ਪ੍ਰਚਾਰ ਤੇ ਸਰਗਰਮੀਆਂ ਅੰਦਰ ਲਾਜ਼ਮੀ ਬਣਦੀ ਜਗ੍ਹਾ ਦੇਣੀ ਚਾਹੀਦੀ ਹੈ। ਇਹ ਮਸਲੇ ਉਠਾਏ ਵਗੈਰ ਹੀ ਫਿਰਕਾਪ੍ਰਸਤੀ ਵਿਰੁਧ ਵਾਹੀਆਂ ਹਵਾਈ ਤਲਵਾਰਾਂ ਹਾਲਤ 'ਚ ਸੁਧਾਰ ਲਿਆਉਣ 'ਚ

ਸੁਧਾਰ ਲਿਆਉਣ 'ਚ ਸਹਾਈ ਨਹੀਂ ਹੋ ਸਕਦੀਆਂ । ਇਸ ਵਿਚਾਰ ਦੀ ਨੁਮਾਇੰਦਗੀ, ਪੰਜਾਬ ਅੰਦਰ "ਪ੍ਰੋਲਾ-ਰੇੱਡੀ ਗਰੁੱਪ" ਕਰ ਰਿਹਾ ਹੈ ।

ਮੇਰੀ ਜਾਚੇ, ਸਿਖ ਕੱਟੜਪੰਥੀਆਂ ਦੀ ਹਮਾਇਤ ਜਾਂ ਵਿਰੋਧ ਦਾ ਨੁਕਤਾ, ਬਹਿਸ ਦਾ ਸ਼ੁਰੂਆਤੀ ਨੁਕਤਾ ਨਹੀਂ ਬਣਾਇਆ ਜਾਣਾ ਚਾਹੀਦਾ । ਇਹ ਸੁਆਲ, ਉਪਰ ਬਿਆਨ ਕੀਤੇ ਤਿੰਨਾ ਮੱਤਾ ਦੇ ਵਿਸ਼ਲੇਸ਼ਣ ਨਾਲ ਜੁੜਕੇ ਹੀ ਉਠਾਇਆ ਤੇ ਵਿਚਾਰਿਆ ਜਾਣਾ ਚਾਹੀਦਾ ਹੈ । ਉਲਟੇ ਰੁਖ ਬਹਿਸ ਛੇੜਨ ਨਾਲ ਰੋਲ-ਘਚੋਲਾ ਹੋਰ ਵਧਦਾ ਹੈ । ਸੋ ਮੇਰਾ ਇਹ ਤੁਹਾਨੂੰ ਨਿਮਰ ਸੁਝਾਅ ਹੈ ਕਿ ਤੁਸੀਂ ਬਹਿਸ ਨੂੰ ਘੱਟੇ ਰੋਲਣ ਦੀ ਬਜਾਇ, ਉਪਰ ਬਿਆਨ ਕੀਤੇ ਬੁਨਿਆਦੀ ਨਖੇੜ-ਨੁਕਤਿਆਂ ਉਤੇ ਕੇਂਦਰਤ ਕਰਨ 'ਚ ਉਸਾਰੂ ਰੋਲ ਨਿਭਾਉਣ ਲਈ ਅੱਗੇ ਆਓ । ਬਾਕੀ ਗਰੁਪਾਂ ਨੂੰ ਵੀ ਮੇਰੀ ਇਹੀ ਬੇਨਤੀ ਹੈ ਕਿ ਇਕ ਦੂਜੇ ਵਿਰੁੱਧ ਹੋਛੀ ਮਿਹਣੇਬਾਜ਼ੀ ਜਾਂ ਗੈਰ-ਜ਼ੁੰਮੇਵਾਰ ਫਤਵੇਬਾਜ਼ੀ ਤੋਂ ਗੁਰੇਜ ਕੀਤਾ ਜਾਵੇ ਅਤੇ ਸੰਜੀਦਾ ਢੰਗ ਨਾਲ ਸੁਲੱਝੀ ਹੋਈ ਬਹਿਸ ਦਾ ਰਾਹ ਆਖਤਿਆਰ ਕੀਤਾ ਜਾਵੇ । ਬਲਵੀਰ ਪਰਵਾਨਾ ਵਰਗੇ ਸਾਥੀਆਂ ਦੇ ਜੇਕਰ ਮਸਲਾ ਪੱਲੇ ਨਹੀਂ ਪੈ ਰਿਹਾ ਤਾਂ ਉਹ ਆਪਣੀ ਕੱਚ-ਘਰੜ ਸੋਚ ਨੂੰ ਨਸ਼ਰ ਕਰਨ ਦੀ ਜਲਦਬਾਜੀ ਕਰਨ ਦੀ ਬਜਾਇ, ਸਮੱਸਿਆ ਨੂੰ ਹੋਰ ਡੂੰਘਾਈ 'ਚ ਸਮਝਣ ਲਈ ਜ਼ੋਰ ਮਾਰਨ । ਬੇਸਮਝ ਟਿੱਪਣੀਆਂ ਹੋਰ ਵੱਧ ਤੁਅੱਸਬੀ ਤੇ ਉਲਝਾਊ ਮਹੌਲ ਪੈਦਾ ਕਰਨ 'ਚ ਹੀ ਸਹਾਈ ਹੋ ਰਹੀਆਂ ਹਨ ।

ਸਤਿਕਾਰ ਸਹਿਤ, ਤੁਹਾਡਾ

ਹਰਪਾਲ ਸਿੰਘ (ਪਟਿਆਲਾ)

## 5. ਰੈੱਡ ਗਾਰਡਾਂ ਬਾਰੇ

ਗੁਰਸ਼ਰਨ ਭਾਅ ਜੀ, ਤੁਹਾਡੀ ਜੂਨ ਅੰਕ 'ਚ 'ਰੈੱਡ ਗਾਰਡ' ਬਾਰੇ ਕੀਤੀ ਟਿੱਪਣੀ ਬੜੀ ਦਿਲਚਸਪ ਤੇ ਹਾਸੋਹੀਣੀ ਹੈ । ਤੁਸੀਂ 'ਰੈੱਡ ਗਾਰਡ' ਦੇ ਐਕਸ਼ਨਾਂ ਨੂੰ ਸਲਾਹਿਆ ਵੀ ਹੈ ਪਰ ਨਾਲ ਹੀ ਇਹ ਤਾਕੀਦ ਵੀ ਕੀਤੀ ਹੈ ਕਿ 'ਇਸ ਗੱਲ ਦਾ ਧਿਆਨ ਰੱਖਣਾ ਵੀ ਬੜਾ ਜ਼ਰੂਰੀ ਹੈ ਕਿ ਕੋਈ ਵੀ ਐਕਸ਼ਨ ਕੇਂਦਰ ਦੀ ਤਾਨਾਸ਼ਾਹੀ ਦੇ ਹੱਕ ਵਿਚ ਨਾ ਭੁਗਤੇ ।' ਇਸ ਆਮ ਬਿਆਨ ਦੇ ਭਲਾ ਠੋਸ ਅਰਥ ਕੀ ਬਣਦੇ ਹਨ ? ਜਾਂ ਤਾਂ ਤੁਸੀਂ ਕੋਈ ਅਜਿਹਾ 'ਨੁਸਖਾ' ਦੱਸ ਦਿੰਦੇ ਜਿਸ ਨਾਲ 'ਕੋਈ ਵੀ ਐਕਸ਼ਨ ਕੇਂਦਰ ਦੀ ਤਾਨਾਸ਼ਾਹੀ ਦੇ ਹੱਕ ਵਿਚ ਨਾ ਭੁਗਤੇ ।' ਮਸਲਾ ਬੜਾ ਸਪਸ਼ਟ ਹੈ । ਕੇਂਦਰੀ ਹਾਕਮਾਂ ਦੀ ਅੱਜ ਮੁੱਖ ਲੋੜ ਪੰਜਾਬ ਵਿਚੋਂ ਖਾਲਿਸਤਾਨੀ ਦਹਿਸ਼ਤਗਰਦਾਂ ਦਾ ਸਫਾਇਆ ਕਰਨਾ ਹੈ । ਹਾਕਮ ਇਹ ਗੱਲ ਮੰਨੀ ਬੈਠੇ ਹਨ ਤੇ ਵਾਰ ਵਾਰ ਕਹਿ ਰਹੇ ਕਿ ਲੋਕਾਂ ਦੇ ਸਰਗਰਮ ਸਹਿਯੋਗ ਤੋਂ ਬਗੈਰ ਦਹਿਸ਼ਤਗਰਦਾਂ ਨੂੰ ਖਤਮ ਕਰਨਾ ਅਸੰਭਵ ਹੈ । ਇਸ ਲਈ ਉਹ ਹਰ ਸਿਆਸੀ ਧਿਰ ਦੀ ਖਾਲਿਸਤਾਨੀ ਦਹਿਸ਼ਤਗਰਦਾਂ ਨਾਲ ਵਿਰੋਧਤਾਈ ਵਧਾਉਣ ਤੇ ਵਰਤਣ ਦੀ ਨੀਤੀ 'ਤੇ ਚੱਲ ਰਹੇ ਹਨ । ਖਾਲਿਸਤਾਨੀਆਂ ਨੇ ਆਪਣੇ ਗਲਤ ਨੀਤੀ ਪੈਂਤੜਿਆਂ ਨਾਲ ਵੱਸੋਂ ਦੇ ਕਾਫੀ ਹਿੱਸਿਆਂ ਨਾਲ ਵੈਰ-ਵਿਰੋਧ ਸਹੇੜ ਲਿਆ ਹੈ । ਲੁਟੇਰੇ ਹਾਕਮ ਦਹਿਸ਼ਤਗਰਦਾਂ ਦੀ ਇਸ ਮੂਰਖਤਾਈ ਉਤੇ ਖੁਸ਼ ਹਨ । ਇਸ ਲਈ ਉਹ ਖਾਲਿਸਤਾਨੀਆਂ ਨਾਲ ਭਿੜਨ ਵਾਲੀ ਹਰ ਸਿਆਸੀ ਧਿਰ ਨੂੰ ਹਮਾਇਤ ਤੇ ਹੱਲਾਸ਼ੇਰੀ ਦੇਣ ਲਈ ਤਿਆਰ ਹਨ । ਹਾਕਮ ਇਸ ਗੱਲੋਂ ਜਾਣੀ ਜਾਣ ਹਨ ਕਿ ਜੇਕਰ ਨਕਸਲੀਆਂ ਤੇ ਖਾਲਿਸਤਾਨੀਆਂ ਦਾ ਪੇਚਾ ਪੈ ਜਾਵੇ ਤਾਂ ਉਹ ਇੱਕੋ ਤੀਰ ਨਾਲ ਦੋ ਸ਼ਿਕਾਰ ਫੁੰਡ ਲੈਣਗੇ । ਇਸ ਕਰਕੇ ਕੁੱਝ ਖੁਫੀਆ ਏਜੰਸੀਆਂ (ਖਾਸ ਕਰਕੇ 'ਰਾਅ') ਆਪਣੇ ਗੁਪਤ ਸੂਤਰਾਂ ਤੇ ਵਸੀਲਿਆਂ ਰਾਹੀ ਖਾਲਿਸਤਾਨੀਆਂ ਦੇ ਕੁੱਝ ਹਿਸਿਆਂ ਕੋਲੋਂ ਨਕਸਲੀਆਂ ਉਪਰ ਹਮਲੇ ਕਰਵਾਉਂਦੀਆਂ ਹਨ । ਫਿਰ ਆਪਣੇ ਜ਼ਰ-ਖਰੀਦ ਪੱਤਰਕਾਰਾਂ ਰਾਹੀਂ ਇਹਨਾਂ ਕਾਰਵਾਈਆਂ ਨੂੰ ਮਿਰਚ ਮਸਾਲੇ ਲਾ ਕੇ ਪਰਚਾਰਿਆ ਤੇ ਉਛਾਲਿਆ ਜਾਂਦਾ ਹੈ । ਸਾਰੀ ਕਾਰਵਾਈ ਦਾ ਮਕਸਦ ਨਕਸਲੀਆਂ ਨੂੰ ਜਵਾਬੀ ਵਾਰ ਕਰਨ ਲਈ ਉਕਸਾਉਣਾ ਤੇ ਭੜਕਾਉਣਾ ਹੈ । ਜਿਵੇਂ ਖਾਲਿਸਤਾਨੀਆਂ ਦੇ ਕੁੱਝ ਹਿੱਸੇ ਆਪਣੀ ਅੰਨ੍ਹੀ ਕਮਿਊਨਿਸਟ-ਦੁਸ਼ਮਣੀ ਸਦਕਾ ਸੌਖਿਆਂ ਹੀ ਸਰਕਾਰੀ ਏਜੰਸੀਆਂ ਦੇ ਬਹਿਕਾਵੇ 'ਚ ਆ ਜਾਂਦੇ ਹਨ, ਉਵੇਂ ਨਕਸਲੀਆਂ ਦੇ ਕੁੱਝ ਹਿੱਸੇ ਵੀ ਆਪਣੀ ਅੰਨ੍ਹੀ ਧਰਮ-ਦੁਸ਼ਮਣੀ ਸਦਕਾ, ਜਾਬਰਾਂ ਹਾਕਮਾਂ ਦੀ ਖਤਰਨਾਕ ਖੇਡ 'ਚ ਫਸ ਰਹੇ ਹਨ । ਦੋ ਖਾੜਕੂ ਧਿਰਾਂ ਦੀ ਆਪਸੀ ਖਾਨਾਜੰਗੀ ਭਾਰਤੀ ਹਾਕਮਾਂ ਦੇ ਐਨ ਰਾਸ ਬੈਠ ਰਹੀ ਹੈ । ਇਸ ਮੌਕੇ, ਉਹ ਖਾਲਿਸਤਾਨੀ ਦਹਿਸ਼ਤਗਰਦਾਂ ਵਿਰੁੱਧ ਲੜਨ ਵਾਲਿਆਂ ਦੀ ਪਿੱਠ ਠੋਕ ਰਹੇ ਹਨ । ਉਹ ਨਕਸਲੀਆਂ ਨੂੰ ਇਸ 'ਨੇਕ' ਕੰਮ ਲਈ ਹਥਿਆਰ ਦੇ ਰਹੇ ਹਨ । ਨਕਸਲੀਆਂ ਨੇ ਦੋ ਤਿੰਨ ਐਕਸ਼ਨ ਕਰ ਦਿੱਤੇ ਪਰ ਪੁਲਸ ਨੇ ਨਾ ਕਿਸੇ ਨਕਸਲੀ ਨੂੰ ਫੜਿਆ ਹੈ ਤੇ ਨਾ ਹੀ ਕਿਸੇ ਦੇ ਵਰੰਟ ਕੱਢੇ ਹਨ । ਫਿਰ ਭਲਾ ਇਹ ਐਕਸ਼ਨ ਕੇਂਦਰ ਦੀ ਤਾਨਾਸ਼ਾਹੀ ਦੇ ਹੱਕ 'ਚ ਕਿਉਂ ਨਹੀਂ ਭੁਗਤ ਰਹੇ ? ਠੀਕ ਹੈ, ਖਾਲਿਸਤਾਨੀਆਂ ਕੋਲੋਂ ਪੰਜ ਨਕਸਲੀਏ ਮਰਵਾ ਦਿਓ । ਫਿਰ ਨਕਸਲੀਆਂ ਕੋਲੋਂ ਦਸ ਖਾਲਿਸਤਾਨੀ ਹਮੈਤੀ ਮਰਵਾ ਦਿਓ । ਫਿਰ ਮੋੜਵੇਂ ਜੁਆਬ ਵਿਚ ਖਾਲਿਸਤਾਨੀਆਂ ਕੋਲੋਂ ਵੀਹ ਨਕਸਲੀਏ ਤੇ ਉਹਨਾਂ ਦੇ ਕੁੱਝ ਪਰਿਵਾਰ ਖਤਮ ਕਰਵਾ ਦਿਓ । ਅਤੇ ਇਉਂ ਗੁੱਸੇ ਨਾਲ ਬੇਸੁੱਧ ਹੋਏ ਨਕਸਲੀਆਂ ਨੂੰ ਵੱਡੀ ਪੱਧਰ 'ਤੇ ਖਾਲਿਸਤਾਨੀਆਂ ਵਿਰੁੱਧ ਭੜਕਾ

ਦਿਓ । ਪਹਿਲਾਂ ਇਸ ਸਿਲਸਿਲੇ ਵਿਚ ਨਕਸਲੀਆਂ ਦੀ ਡਟਕੇ ਪਿੱਠ ਠੋਕੋ, ਅਤੇ ਜਦ ਖਾਲਿਸਤਾਨੀ ਦਬਾ ਦਿੱਤੇ ਗਏ ਤਾਂ ਉਸੇ ਹਕੂਮਤੀ ਡੰਡੇ ਨਾਲ ਨਕਸਲੀਆਂ ਦੀ ਪਿੱਠ ਕੁੱਟੋ ! ਇਹ ਹੈ ਮੱਕਾਰ ਹਾਕਮਾਂ ਦੀ ਖਤਰਨਾਕ ਪੈਂਤੜਾ-ਚਾਲ, ਜਿਸ ਵਿਚ ਨਾ ਸਿਰਫ ਸਿਰ-ਫਿਰੇ ਧਾਰਮਿਕ ਜਨੂੰਨੀ ਫਸ ਰਹੇ ਹਨ, ਸਗੋਂ ਆਪਣੇ ਆਪ ਨੂੰ ਵਿਗਿਆਨਕ ਸਮਝ ਦੇ ਧਾਰਨੀ ਕਹਿਣ ਵਾਲੇ 'ਸੂਝਵਾਨ' ਨਕਸਲੀਏ ਵੀ ਬੜੀ ਸੌਖ ਨਾਲ ਉਲਝ ਰਹੇ ਹਨ। 'ਖਾਲਿਸਤਾਨੀ ਇਸ ਤੋਂ ਬਿਨਾਂ ਹੋਰ ਕੋਈ ਭਾਸ਼ਾ ਨਹੀਂ ਸਮਝਦੇ' ਵਰਗੇ ਵਾਕ ਬੜੇ ਖੂਬਸੂਰਤ ਤੇ ਦਿਲ-ਖਿੱਚਵੇਂ ਲਗਦੇ ਹਨ। ਇਹ ਵਾਕ ਵਰਤੋ, ਖੂਬ ਜ਼ੋਰ ਨਾਲ ਵਰਤੋ, ਅਤੇ ਹਾਕਮਾਂ ਕੋਲੋਂ ਪਰਸੰਸਾ ਤੇ ਥਾਪਣਾ ਹਾਸਲ ਕਰੋ । ਇਸ ਪਰਸੰਗ ਵਿਚ ਤੁਹਾਡੀ ਇਸ ਨਸੀਹਤ (ਕਿ ਕੋਈ ਵੀ ਐਕਸ਼ਨ ਕੇਂਦਰ ਦੇ ਹੱਕ ਵਿਚ ਨਾ ਭੁਗਤੇ) ਦਾ ਅਮਲੀ ਅਰਥ ਸ਼ਰਾਬ ਦੀ ਬੋਤਲ ਉਤੇ ਲਿਖੇ ਇਹਨਾਂ ਚਿਤਾਵਨੀ-ਨੁਮਾ ਸ਼ਬਦਾਂ ਤੋਂ ਵੱਧ ਹੋਰ ਕੁਛ ਨਹੀਂ ਕਿ 'ਬਹੁਤੀ ਪੀਣੀ ਸਿਹਤ ਲਈ ਹਾਨੀ-ਕਾਰਕ ਹੈ ।'

ਸ਼ਾਲਾ ! ਮਾਰਕਸਵਾਦ ਤੁਹਾਨੂੰ ਸੁਮੱਤ ਬਖਸ਼ੇ—

ਨਰਿੰਦਰ (ਘੁੜਾਮ)

### 6. ਵੱਖਵਾਦੀ ਲਹਿਰਾਂ ਕੌਮੀ ਮੁਕਤੀ ਦੀ ਲਹਿਰ ਨਹੀਂ :

ਸਮਤਾ ਅੰਕ 85 ਵਿਚ ਇਕਬਾਲ ਸਿੰਘ ਪੱਤੜ ਦੀ ਚਿੱਠੀ ਦੇ ਜਵਾਬ ਵਿਚ ਗੁਰਮੇਲ ਸਿੰਘ ਦੀ ਟਿਪਣੀ ਛਪੀ ਹੈ। ਜਿਸ ਟਿਪਣੀ ਵਿਚ ਸਾਥੀ ਗੁਰਮੇਲ ਸਿੰਘ ਸਿੱਖ ਅੱਤਵਾਦੀਆਂ ਦੀ ਵਕਾਲਤ ਕਰਦਾ ਹੋਇਆ ਲਿਖਦਾ ਹੈ ਕਿ ਸਿੱਖ ਸੰਗਠਨ ਹਿੰਦੁਸਤਾਨ ਵਿਚ ਇਕ ਛੋਟਾ ਜਿਹਾ ਟੋਟਾ ਹਾਸਲ ਕਰਨਾ ਚਾਹੁੰਦੇ ਹਨ। ਜਦ ਕਿ ਅਸੀਂ (ਨਕਸਲੀ) ਸਾਰੀ ਦੁਨੀਆਂ ਨੂੰ ਆਪਣੇ ਹੇਠ ਲੈਣਾ ਚਾਹੁੰਦੇ ਹਾਂ।

ਪਰ ਅੱਗੇ ਚੱਲ ਕਿ ਇਹ ਉਪਦੇਸ਼ਕ ਫੁਰਮਾਉਂਦਾ ਕਿ ਸਿੱਖ ਖਾੜਕੂ ਤਾਂ ਪੰਜਾਬੀ ਕੌਮ ਦੀ ਬਹਾਲੀ ਲਈ ਲੜ ਰਹੇ ਹਨ ਅਤੇ ਇਹੋ ਇਕ ਸਿੱਖਾਂ ਦੀ ਜਮਹੂਰੀ ਅਧਿਕਾਰ ਹੈ । ਜਿਥੋਂ ਤਾਈਂ ਪੰਜਾਬੀ ਕੌਮ ਦਾ ਸਵਾਲ ਹੈ, ਇਸ ਅੰਦਰ ਮੁਖ ਤੌਰ ਤੇ ਦੋ ਧਰਮ (ਹਿੰਦੂ ਤੇ ਸਿੱਖ) ਵਸਦੇ ਹਨ । ਜਿਹਨਾਂ ਦੀ ਬੜੀ ਪੁਰਾਣੀ ਇਤਿਹਾਸਕ ਸਾਂਝ, ਇਕ ਖਿਤੇ ਵਿਚ ਰਹਿੰਦੇ ਹੋਏ ਇਕੋ ਮਾਂ ਬੋਲੀ ਦੇ ਧਾਰਨੀ ਹਨ । ਪਰ ਗੁਰਮੇਲ ਸਿੰਘ ਹੋਰੀਂ ਜਦੋਂ 'ਸਿਖ ਖਾੜਕੂਆਂ' ਵਲੋਂ ਇਸ ਕੌਮ ਦੀ ਬਹਾਲੀ ਦੀ ਲੜੀ ਜਾ ਰਹੀ ਲੜਾਈ ਦੀ ਗੱਲ ਕਰਦੇ ਹਨ ਤਾਂ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਕਰਦੇ ਹਨ । ਇਕ ਬੰਨੇ ਤਾਂ ਗੁਰਮੇਲ ਸਿੰਘ ਇਹ ਗੱਲ ਮੰਨਦਾ ਹੈ ਕਿ 'ਸਿੱਖ ਸੰਗਠਨ' ਦੇਸ਼ ਵਿਚੋਂ ਇਕ ਵੱਖਰਾ ਖਿਤਾ ਚਾਹੁੰਦੇ ਹਨ। ਉਹ 'ਪੰਜਾਬੀ ਕੌਮ' ਦੀ ਬਹਾਲੀ ਲਈ ਕਿਵੇਂ ਲੜਦੇ ਹਨ ? ਸਵਾਲ ਸਮਝ ਨਹੀਂ ਪੈਂਦਾ । ਹਿੰਦੂਆਂ ਉਤੇ ਪਲੈਨ ਬੱਧ ਤਰੀਕੇ ਨਾਲ ਹਮਲੇ ਕਰਨੇ ਇਸ ਫਿਰਕੇ ਵਿਚ ਇਹਨਾਂ ਕਥਿਤ ਖਾੜ-ਕੂਆਂ ਵਲੋਂ ਅੰਧਾ ਧੁੰਦ ਪ੍ਰਚਾਰ ਕਰਨਾ ਅਤੇ ਹੋਰ ਅਜਿਹੇ ਐਕਸ਼ਨ ਕਰਨੇ ਜਿਹਨਾਂ ਨਾਲ ਉਹ (ਹਿੰਦੂ) ਹਿਜਰਤ ਕਰਨ ਲਈ ਮਜਬੂਰ ਹੋਣ । ਕੀ ਇਹ 'ਪੰਜਾਬੀ ਕੌਮ' ਦੀ ਬਹਾਲੀ ਦੀ ਲੜਾਈ ਹੈ ? ਸਾਥੀ 'ਖਾਲਿਸ-ਤਾਨ' ਅਤੇ ਪੰਜਾਬੀ ਕੌਮ' ਦੇ ਸੰਕਲਪ ਨੂੰ ਰੱਲਗੱਡ ਕਰਕੇ ਖੁਦ ਹੀ ਸਵੈ ਵਿਰੋਧਾਂ ਦੇ ਤਾਣੇ ਬਾਣੇ ਫਸ ਜਾਂਦਾ ਹੈ ।

ਅੱਗੇ ਚੱਲ ਕੇ ਸਾਥੀ ਗੁਰਮੇਲ ਸਿੰਘ ਨੇ ਮੁਲਕ ਵਿਚ ਚੱਲ ਰਹੀਆਂ ਵੱਖਵਾਦੀ ਲਹਿਰਾਂ ਜਿਵੇਂ ਨਾਗਾਲੈਂਡ, ਮੀਜ਼ੋਰਾਮ, ਤਰੀਪੁਰਾ, ਝਾਰਖੰਡ ਅਤੇ ਗੋਰਖਾਲੈਂਡ ਆਦਿ ਨੂੰ ਕੌਮੀ ਮੁਕਤੀ ਲਹਿਰਾਂ ਕਿਹਾ ਹੈ। ਕਾਂਗਰਸ ਪਾਰਟੀ ਦੇ ਸੌੜੇ ਰਾਜ ਕਰੂ ਹਿਤਾਂ ਕਾਰਣ ਉਹ ਦੇਸ਼ ਦੀ ਏਕਤਾ ਤੇ ਅਖੰਡਤਾ ਵੀ ਦਾਅ ਤੇ ਲਾ ਦਿੰਦੀ ਹੈ ਅਜਿਹੀਆਂ ਵੱਖਵਾਦੀ ਲਹਿਰਾਂ ਨੂੰ ਅਧਾਰ ਪਰਦਾਨ ਕਰਨ ਲਈ ਮੌਕੇ ਵੀ ਬਖਸ਼ਦੀ ਹੈ । ਕਈ ਵਾਰ ਇਹਨਾਂ ਪ੍ਰਤੀ ਕਰਮ ਨੀਤੀ ਅਪਣਾ ਕੇ ਲੋਕ ਲਹਿਰਾਂ ਨੂੰ ਕੁਰਾਹੇ ਪਾਉਣ ਲਈ ਹਵਾ ਦਿੰਦੀ ਹੈ। ਸਾਮਰਾਜ ਖਾਸ ਕਰਕੇ ਅਮਰੀਕਾ ਸਾਮਰਾਜ ਇਹਨਾਂ ਲਹਿਰਾਂ ਨੂੰ ਆਪਣੇ ਮੁਫਾਦਾਂ ਲਈ ਪੂਰੀ ਸ਼ਹਿ ਮਦਦ, ਪੈਸਾ ਅਤੇ ਹਥਿਆਰ ਸਪਲਾਈ ਕਰਦਾ ਹੈ । ਪਤਾ ਨਹੀਂ ਸਾਥੀ ਨੂੰ ਇਹਨਾਂ ਵੱਖਵਾਦੀ ਲਹਿਰਾਂ ਪਿਛੇ ਸਾਮਰਾਜ ਦਾ ਹੱਥ ਕਿਉਂ ਨਹੀਂ ਦਿਸਦਾ ਜਿਸਦੇ ਕਿ ਹਜ਼ਾਰਾਂ ਸਬੂਤ ਮੌਜੂਦ ਹਨ । ਗੁਰਮੇਲ ਸਿੰਘ ਨੂੰ ਡੂੰਘੀ ਘੋਖ ਪੜਤਾਲ ਕਰਕੇ ਇਹਨਾਂ ਲਹਿਰਾਂ ਦਾ ਸਹੀ ਨਿਰਨਾ ਕਰਨਾ ਚਾਹੀਦਾ ਹੈ ।

ਸਜਿੰਦਰ ਸਿੰਘ ਢਿਲੋਂ

ਜਲਾਲਾਬਾਦ (ਅੰਮ੍ਰਿਤਸਰ)

### 7. ਸਿਖ ਸੰਗਠਨਾਂ ਦੀ ਲਹਿਰ ਬਾਰੇ ਨਕਸਲੀ ਗਰੁੱਪਾਂ ਵਲੋਂ ਅਪਣਾਈ ਜਾ ਰਹੀ ਪਹੁੰਚ ਬਾਰੇ ਗੁਰਸ਼ਰਨ ਸਿੰਘ ਦੀ ਟਿੱਪਣੀ :

ਇਸ ਵਿਸ਼ੇ ਤੇ ਕੁਝ ਚਿੱਠੀਆਂ ਉਪਰ ਛਾਪੀਆਂ ਗਈਆਂ ਹਨ । ਤਿੰਨ ਪਹੁੰਚਾਂ ਸੁਪਸ਼ਟ ਤੌਰ ਤੇ ਸਾਹਮਣੇ ਆ ਰਹੀਆਂ ਹਨ। ਪਹਿਲੀ ਪਹੁੰਚ ਜੋ ਪੈਗਾਮ ਗਰੁੱਪ ਦੇ ਸਾਥੀਆਂ ਨੇ ਅਪਣਾਈ ਹੈ, ਉਹ ਇਹ ਹੈ ਕਿ ਸਿਖ 'ਸੰਗਠਨਾਂ ਵਲੋਂ' ਚਲਾਇਆ ਜਾ ਰਿਹਾ ਸੰਘਰਸ਼ ਉਸ ਸਮੁੱਚੇ ਸੰਘਰਸ਼ ਦਾ ਇਕ ਭਾਗ ਹੈ ਜੋ ਭਾਰਤ ਵਿਚ ਘੱਟ ਗਿਣਤੀਆਂ ਕੇਂਦਰ ਦੀ ਤਾਨਾਸ਼ਾਹੀ ਦੇ ਵਿੱਰੁਧ ਚੱਲਾ

ਰਹੀਆਂ ਹਨ ਤੇ ਇਸਦਾ ਸਮਰਥਨ ਕਰਨਾ ਜ਼ਰੂਰੀ ਹੈ। ਦੂਜੀ ਪਹੁੰਚ ਵੀ ਬੜੀ ਸਪੱਸ਼ਟ ਹੈ ਕਿ ਸਿੱਖ ਸੰਗਠਨਾਂ ਵਲੋਂ ਚਲਾਈ ਜਾ ਰਹੀ ਲਹਿਰ ਧਾਰਮਿਕ ਮੂਲਵਾਦੀਆਂ ਦੀ ਲਹਿਰ ਹੈ, ਜੋ ਸਮੇਂ ਦਾ ਚੱਕਰ ਪੁੱਠਾ ਚਲਾਕੇ ਉਸ ਸਭ ਕੁਝ ਨੂੰ ਮਨਫੀ ਕਰਨਾ ਚਾਹੁੰਦਾ ਹੈ, ਜੋ ਮਨੁੱਖ ਨੇ ਹੁਣ ਤਕ ਵੱਧਦੀ ਸੂਝ ਨਾਲ ਪ੍ਰਾਪਤ ਕੀਤਾ ਹੈ। ਇਹ ਬੁਨਿਯਾਦੀ ਤੌਰ ਤੇ ਫਾਸ਼ੀ ਅਤੇ ਕਮਿਊਨਿਸਟ ਵਿਰੋਧੀ ਲਹਿਰ ਹੈ ਤੇ ਕਮਿਊਨਿਸਟਾਂ ਨੂੰ ਹਰ ਹਾਲਤ ਵਿਚ ਇਸ ਲਹਿਰ ਦਾ ਡੱਟਵਾਂ ਵਿਰੁਧ ਕਰਨਾ ਚਾਹੀਦਾ ਹੈ। ਤੀਜੀ ਪਹੁੰਚ ਜੋ ਬਹੁਤ ਹੱਦ ਦੂਜੀ ਪਹੁੰਚ ਨੂੰ ਅਪਣਾਉਂਦੀ ਹੈ, ਪਰ ਨਾਲ ਹੀ ਇਸ ਗੱਲ ਦੀ ਚਿੰਤਾਵਨੀ ਦੇਂਦੀ ਹੈ ਕਿ ਧਾਰਮਕ ਮੂਲਵਾਦ ਦਾ ਵਿਚਾਰਧਾਰਕ ਵਿਰੋਧ ਕਰਦਿਆਂ ਇਸ ਗੱਲ ਦਾ ਧਿਆਨ ਰਖਿਆ ਜਾਏ ਕਿ ਇਹ ਵਿਰੋਧ ਭਾਰਤ ਦੀ ਸਟੇਟ ਦੇ ਹੱਕ ਵਿਚ ਨਾ ਭੁਗਤ ਜਾਏ ਸ਼ਿ ਕਿ ਭਾਰਤ ਦੇ ਸਮੁੱਚੇ ਲੋਕਾਂ ਦੀ ਮੁੱਖ ਦੁਸ਼ਮਣ ਹੈ। ਸਮਤਾ ਦੇ ਕਾਲਮਾਂ ਵਿਚ ਜਦੋਂ ਵੱਖ ਵੱਖ ਧਿਰਾਂ ਦੇ ਦ੍ਰਿਸ਼ਟੀਕੋਨਾਂ ਨੂੰ ਬਗੈਰ ਕਿਸੇ ਕਿਸਮ ਦੀ ਛਾਂਟ ਕਾਂਟ ਕੀਤਿਆਂ ਛਾਪਿਆ ਜਾਂਦਾ ਹੈ ਤਾਂ ਸਮਤਾ ਦੇ ਸੰਪਾਦਕ ਉਤੇ ਵਿਚਾਰਧਾਰਕ ਘਚੋਲੇ ਦਾ ਇਲਜ਼ਾਮ ਲਗਾਇਆ ਜਾਂਦਾ ਹੈ। ਮੈਂ ਇਥੇ ਅਰਜ਼ ਕਰ ਦੇਵਾਂ ਕਿ ਇਹ ਘਚੋਲਾ ਇਕ ਅਸਲੀਅਤ ਹੈ। ਇਹ ਸੰਪਾਦਕ ਦੀ ਦੇਣ ਨਹੀਂ ਹੈ। ਇਸ ਘਚੋਲੇ ਵਿਚੋਂ ਨਿੱਕਲਿਆ ਤਾਂ ਹੀ ਜਾ ਸਕਦਾ ਹੈ ਕਿ ਇਕ ਦੂਜੇ ਦੇ ਵਿਚਾਰਾਂ ਨੂੰ ਸੁਹਿਰਦਤਾ ਨਾਲ ਸਮਝਿਆ ਜਾਏ। ਪੰਜਾਬ ਵਿਚ ਜੋ ਕੁਝ ਵਾਪਰ ਰਿਹਾ ਹੈ, ਉਹ ਸਾਡੇ ਸਾਹਮਣੇ ਹੈ। ਇਥੇ ਇਕ ਪਾਸੇ ਸਿੱਖ ਸੰਗਠਨਾਂ ਦੇ ਹਥਿਆਰਬੰਦ ਟੋਲੇ ਨਿਰਦੋਸ਼ ਲੋਕਾਂ ਦਾ ਕਤਲ ਕਰ ਰਹੇ ਹਨ, ਦੂਜੇ ਪਾਸੇ ਸਰਕਾਰ ਦੇ ਹਥਿਆਰ-ਬੰਦ ਟੋਲੇ ਵੀ ਇਸੇ ਤਰ੍ਹਾਂ ਜ਼ੁਲਮ ਢਾਅ ਰਹੇ ਹਨ। ਇਹਨਾਂ ਕਾਰਵਾਈਆਂ ਦੇ ਵਿਰੁਧ ਪ੍ਰਤੀਕਰਮਾਂ ਵਿਚ ਭਾਵੁਕਤਾ ਦਾ ਅੰਸ਼ ਆ ਜਾਣਾ ਕੋਈ ਗੁਨਾਹ ਨਹੀਂ। ਸਿਆਸਤ ਦੀਆਂ ਕੁਝ ਅਪਣੀਆਂ ਮਜਬੂਰੀਆਂ ਹਨ ਤਾਂ ਇਨਸਾਨੀਅਤ ਦੀਆਂ ਵੀ ਅਪਣੀਆਂ ਕੁਝ ਮੰਗਾਂ ਹਨ। ਅਪਣੀ ਸਿਆਸਤ ਨੂੰ ਅਗੇ ਲਿਜਾਣ ਲਈ ਜੇ ਕਿਸੇ ਧਿਰ ਵਲੋਂ ਗਲਤ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ ਤਾਂ ਉਹ ਨਜ਼ਰ ਅੰਦਾਜ਼ ਨਹੀਂ ਕੀਤੀਆਂ ਜਾ ਸਕਦੀਆਂ ਭਾਰਤੀ ਸਟੇਟ ਵਲੋਂ ਵਡੇ ਕੁਕਰਮ ਕੀਤੇ ਗਏ ਹਨ ਪਰ ਪਿਛਲੇ 7-8 ਸਾਲਾਂ ਵਿਚ ਸਿਖ ਸੰਗਠਨਾਂ ਵਲੋਂ ਕੀਤੇ ਗਏ ਕੁੱਕਰਮਾ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਾਥੀ ਹਰਕੰਵਲ ਸਿੰਘ ਨੇ ਮੇਰੀ ਤਰਕਵਿੱਧੀ ਤੇ ਇਤਰਾਜ਼ ਉਠਾਇਆ ਹੈ। ਕੂਕਿਆਂ ਦੀ ਮਿਸਾਲ ਦਿਤੀ ਹੈ। ਪੋਲੈਂਡ ਦੀ ਮਿਸਾਲ ਦਿਤੀ ਹੈ,ਸਿਖ ਸੰਗਠਨਾਂ ਵਲੋਂ ਚਲਾਈ ਜਾ ਰਹੀ ਧਾਰਮਿਕ ਮੂਲਵਾਦ ਦੀ ਲਹਿਰ ਅਤੇ ਬੇਦੋਸ਼ਿਆਂ ਦੇ ਕਤਲਾਂ ਨਾਲ ਇਹਨਾਂ ਲਹਿਰਾਂ ਦਾ ਕੀ ਸੰਬੰਧ ਹੈ,ਉਹਨਾਂ ਨੇ ਬਿਲਕੁਲ ਸੱਪਸ਼ਟ ਨਹੀਂ ਕੀਤਾ। ਇਕ ਨਵੀਂ ਪੜਤਾਉ ਵਿਧੀ ਜਨਮ ਲੈ ਰਹੀ ਹੈ ਕਿ ਜੋ ਕੁਝ ਸਾਹਮਣੇ ਵਾਪਰ ਰਿਹਾ ਹੈ, ਉਸਤੋਂ ਅਖਾਂ ਬੰਦ ਕਰ ਲਵੋ ਅਤੇ ਇਤਹਾਸ ਦੇ ਪੰਨਿਆਂ ਵਿਚੋਂ ਪ੍ਰਸੰਗਹੀਨ ਮਿਸਾਲਾਂ ਲਭਕੇ ਉਹਨਾਂ ਉਤੇ 'ਮਾਰਕਸਵਾਦੀ ਵਿਸ਼ਲੇਸ਼ਣ ਵਿੱਧੀ' ਦਾ ਲੇਬਲ ਲਗਾ ਦੇਵੋ। ਬਹਿਸ ਅਧੀਨ ਵਿਸ਼ਾ ਇਹ ਹੈ ਕਿ ਕਮਿਊਨਿਸਟ ਇਨਕਲਾਬੀਆਂ ਨੂੰ ਸਿਖ ਸੰਗਠਨਾਂ ਨਲੋਂ ਚਲਾਈ ਜਾ ਰਹੀ ਲਹਿਰ ਵਲ ਕੀ ਪਹੁੰਚ ਅਪਣਾਉਣੀ ਚਾਹੀਦਾ ਹੈ? ਮੇਰੀ ਦਲੀਲ ਹੈ ਕਿ ਇਸ ਲਹਿਰ ਦਾ ਆਧਾਰ ਬਿਲਕੁਲ ਗਲਤ ਹੈ। ਇਸਨੂੰ ਬਦੇਬਦੀ ਪੰਜਾਬੀ ਕੌਮ ਦੀ ਮੁਕਤੀ ਦੀ ਲਹਿਰ ਨਾਲ ਰੱਲਗੱਡ ਨਾ ਕੀਤਾ ਜਾਏ। ਇਸਦੇ ਉਲਟ ਪੱਖ ਹੈ ਕਿ ਇਹ ਪੰਜਾਬੀ ਕੌਮ ਦੀ ਮੁਕਤੀ ਦੀ ਲਹਿਰ ਹੈ, ਪਰ ਨਾ ਸਾਥੀ ਹਰਕੰਵਲ ਸਿੰਘ ਨੇ ਤੇ ਨਾ ਹੀ ਹਰਜੀਤ ਸਿੰਘ ਅਟਵਾਲ ਨੇ ਇਹਦੇ ਬਾਰੇ ਕੋਈ ਦਲੀਲ ਦੇਣ ਦਾ ਯਤਨ ਕੀਤਾ ਹੈ। ਅਸਲ ਵਿਚ ਉਹਨਾਂ ਨੇ ਅਪਣਾ ਪੱਖ ਸਪੱਸ਼ਟ ਸ਼ਬਦਾਂ ਵਿਚ ਦਸਿਆ ਹੀ ਨਹੀਂ ਕਿ ਉਹ ਸਿਖ ਸੰਗਠਨਾਂ ਦੀ ਲਹਿਰ ਨੂੰ ਕੀ ਦਰਜਾ ਦੇਂਦੇ ਹਨ? ਹਾਂ ਹਰਜੀਤ ਸਿੰਘ ਅਟਵਾਲ ਹੋਰਾਂ ਜੰਤਕ ਲੀਹ ਅਤੇ ਸੁਰਖ ਰੇਖਾ ਵਿਚੋਂ ਕੁਝ ਮਿਸਾਲਾਂ ਦੇ ਕੇ ਇਹ ਸਿਧ ਕੀਤਾ ਹੈ ਕਿ ਉਹਨਾਂ ਪ੍ਰੇਪਰਾਂ ਨਾਲ ਸੰਬਧਤ ਨਕਸਲੀ ਧਿਰਾਂ ਭਾਰਤੀ ਸਟੇਟ ਦੇ ਹੱਕ ਵਿਚ ਭੁਗਤਦੀਆਂ ਹਨ। ਮੈਂ ਜੰਤਕ ਲੀਹ ਅਤੇ ਸੁਰਖ ਰੇਖਾ ਦੇ ਸਾਥੀਆਂ ਨੂੰ ਅਰਜ਼ ਕਰਾਂਗਾ ਕਿ ਓਹ ਓਪਰੇਸ਼ਨ ਨੀਲਾਤਾਰਾ ਬਾਰੇ ਅਪਣੇ ਵਿਚਾਰਾਂ ਦੀ ਜ਼ਰੂਰ ਵਿਆਖਿਆ ਦੇਣ ਪਰ ਇਕ ਗੱਲ ਮੈਂ ਫੇਰ ਸਪਸ਼ਟ ਕਰ ਦੇਵਾਂ ਕਿ ਕਿਸੇ ਨਕਸਲੀ ਗਰੁੱਪ ਵਲੋਂ ਕਦੀ ਵੀ ਸਾਧਾਰਨ ਲੋਕਾਂ ਉਤੇ ਸਰਕਾਰ ਦੀ ਕਿਸੇ ਵੀ ਦਮਨ ਕਾਰਵਾਈ ਦੀ ਕਦੀ ਕੋਈ ਹਿਮੈਤ ਨਹੀਂ ਕੀਤੀ ਗਈ, ਸਗੋਂ ਇਹ ਨਕਸਲੀ ਗਰੁੱਪ ਹੀ ਸਨ ਜਿਨ੍ਹਾਂ ਨੇ ਓਪਰੇਸ਼ਨ ਨੀਲਾਤਾਰਾ ਦੇ ਬਾਅਦ ਦੇ ਸਮੇਂ ਵਿਚ ਜਮਹੂਰੀ ਆਜ਼ਾਦੀ ਬਹਾਲ ਕਰਨ ਲਈ ਜ਼ੋਰਦਾਰ ਅੰਦੋਲਨ ਚਲਾਇਆ। 12 ਅਗਸਤ 1984 ਦੇਸ਼ ਭਗਤ ਹਾਲ ਜਲੰਧਰ, 22 ਅਗਸਤ 1984 ਦਿਲੀ ਵਿਚ ਨਕਸਲੀ ਗਰੁਪਾਂ ਨੇ ਹੀ ਕਨਵੇਂਕਸ਼ਨਾਂ ਕਰਕੇ 'ਪੰਜਾਬ ਨੂੰ ਫੌਜੀ ਬੂਟਾਂ ਤੋਂ ਬਚਾਓ' ਵਰਗੀਆਂ ਆਵਾਜ਼ਾਂ ਉਠਾਈਆਂ। ਹੁਣ ਵੀ ਗਵਰਨਰੀ ਰਾਜ ਵਿਚ ਹੋ ਰਹੀਆਂ ਪੁਲਸ ਵਧੀਕੀਆਂ ਦੇ ਵਿਰੋਧ, ਜਥੇਬੰਦਕ ਤਰੀਕੇ ਨਾਲ ਸਿਰਫ ਨਕਸਲੀ ਗਰੁਪ ਹੀ ਆਵਾਜ਼ ਉਠਾ ਰਹੇ ਹਨ। ਇਹ ਆਵਾਜ਼ ਉਠਾਨੀ ਉਹਨਾਂ ਦਾ ਫਰਜ਼ ਹੈ ਪਰ ਇਹ

ਫਰਜ਼ ਨਿਭਾਉਂਦਿਆਂ ਹੋਇਆਂ ਵੀ ਉਹਨਾਂ ਨੂੰ ਇਸ ਗੱਲ ਦਾ ਖਿਆਲ ਰਖਣਾ ਪੈਂਦਾ ਹੈ ਕਿ ਉਹ ਸਿਖ ਸੰਗਠਨਾਂ ਦੀ ਫਾਸ਼ੀ ਅਤੇ ਧੱਕੇਸ਼ਾਹੀ ਸੋਚ ਦੇ ਵਿਰੁਧ ਅਪਣਾ ਵਿਚਾਰਧਾਰਕ ਸੰਘਰਸ਼ ਢਿੱਲਾ ਨਾ ਕਰਨ। ਸਿਖ ਸਟੂਡੈਂਟ ਫੈਡਰੇਸ਼ਨ ਦੇ ਆਗੂ ਗੁਰਜੀਤ ਸਿੰਘ ਵਲੋਂ ਦਿਤੀ ਗਈ ਇਹ ਧਮਕੀ ਕਿ 'ਜੇਕਰ ਪੰਜਾਬ ਦੇ ਹਿੰਦੂਆਂ ਨੇ ਝੂਠੇ ਪੁਲਸ ਮੁਕਾਬਲਿਆਂ ਵਿਰੁਧ ਆਵਾਜ਼ ਨਾ ਉਠਾਈ ਤਾਂ ਉਹ ਖਤਰਨਾਕ ਨਤੀਜੇ ਭੁਗਤਨ ਲਈ ਤਿਆਰ ਰਹਿਣ' ਨਜ਼ਰਅੰਦਾਜ਼ ਨਹੀਂ ਕੀਤੀ ਜਾ ਸਕਦੀ।

ਗੁਰਸ਼ਰਨ ਸਿੰਘ

## ਇਕ ਰੀਪੋਰਟ :

### ਇਲਾਕਾ ਬੁਢਲਾਡਾ, ਮਾਨਸਾ ਅਤੇ ਰਾਮਪੁਰ ਫੂਲ ਵਿਚ ਇਨਕਲਾਬੀ ਕੇਂਦਰ ਪੰਜਾਬ ਵਲੋਂ ਵਿਸ਼ਾਲ ਕਾਨਫਰੰਸਾਂ ਅਤੇ ਸਭਿਆਚਾਰਕ ਪ੍ਰੋਗਰਾਮ

22 ਜੂਨ ਦੁਪਹਿਰ ਬੁਢਲਾਡਾ ਮੰਡੀ, ਸ਼ਾਮ ਰਿਉਂਦ ਕਲਾਂ, 23 ਜੂਨ ਸ਼ਾਮ ਕੁਲਾਣਾ, 24 ਜੂਨ ਦੁਪਹਿਰ ਮਾਨਸਾ ਮੰਡੀ, 24 ਜੂਨ ਸ਼ਾਮ ਮਾਖਾ ਅਤੇ 28 ਜੂਨ ਰਾਮਪੁਰਾਫੂਲ ਵਿਚ ਇਨਕਲਾਬੀ ਕੇਂਦਰ ਪੰਜਾਬ ਵਲੋਂ ਵਿਸ਼ਾਲ ਕਾਨਫਰੰਸਾਂ ਕੀਤੀਆਂ ਗਈਆਂ। ਇਹਨਾਂ ਕਾਨਫਰੰਸਾਂ ਨੂੰ ਗੁਰਸ਼ਰਨ ਸਿੰਘ ਕਨਵੀਨਰ ਇਨਕਲਾਬੀ ਕੇਂਦਰ, ਰੰਜੀਤ ਸਿੰਘ ਸੂਬਾ ਕਮੇਟੀ ਮੈਂਬਰ ਇਨਕਲਾਬੀ ਕੇਂਦਰ, ਜਸਵੰਤ ਸਿੰਘ ਕੌਮਾਂਤਰੀ ਮਜ਼ਦੂਰ ਮੰਚ, ਮੁਖਤਿਆਰ ਸਿੰਘ ਆਰ. ਸੀ. ਪੀ. ਆਈ ਜੈਕਾਰ, ਬਾਰੂ ਸਤਵਰਗ ਕੌਮਾਤਰੀ ਮਜ਼ਦੂਰ ਮੰਚ ਨੇ ਆਪਣੇ ਵਿਚਾਰ ਵੱਡੀ ਗਿਣਤੀ ਵਿਚ ਹਾਜ਼ਰ ਲੋਕਾਂ ਨਾਲ ਸਾਂਝੇ ਕੀਤੇ। ਬੁਲਾਰਿਆਂ ਨੇ ਸਰਕਾਰ ਦੀਆਂ ਸਾਧਾਰਨ ਲੋਕਾਂ ਦੀ ਲੁੱਟ ਦੀਆਂ ਨੀਤੀਆਂ ਨੂੰ ਨੰਗਾ ਕੀਤਾ। ਸਰਕਾਰਾਂ ਵਲੋਂ ਲੋੜ ਪੈਣ ਤੇ ਜੈ ਕਿਸਾਨ ਦਾ ਨਾਅਰਾ ਲਗਾਇਆ ਜਾਂਦਾ ਹੈ ਪਰ ਲੋੜ ਹੱਟ ਜਾਣ ਤੇ ਕਿਸਾਨ ਨੂੰ ਵੀ ਅਤੇ ਕਿਸਾਨ ਦੀ ਫਸਲ ਨੂੰ ਵੀ ਮੰਡੀਆਂ ਵਿਚ ਰੋਲਿਆ ਜਾਂਦਾ ਹੈ। ਇਹ ਮੰਗ ਕੀਤੀ ਗਈ ਕਿ ਸਰਕਾਰ ਫੌਰੀ ਤੌਰ ਤੇ ਕਣਕ ਦੀ ਖ੍ਰੀਦ ਕਰੇ। ਕੁਦਰਤ ਦੀ ਕਰੋਪੀ ਕਰਕੇ ਸਰਕਾਰ ਵਲੋਂ ਦਿਤੀ ਸਹਾਇਤਾ ਨੂੰ ਕਿਸਾਨਾਂ ਨਾਲ ਮਜ਼ਾਕ ਕਿਹਾ ਗਿਆ। ਬੁਲਾਰਿਆਂ ਨੇ ਇਹ ਮੰਗ ਕੀਤੀ ਕਿ ਕਿਸਾਨਾਂ ਦੇ ਹੋਏ ਨੁਕਸਾਨ ਨੂੰ ਕੌਮੀ ਫੰਡ ਵਿਚੋਂ ਪੂਰਾ ਕੀਤਾ ਜਾਏ। ਇਸਨੂੰ ਸਹਾਇਤਾ ਨਹੀਂ ਸਗੋਂ ਕਿਸਾਨਾਂ ਦੇ ਹੱਕ ਵਜੋਂ ਦਿੱਤਾ ਜਾਏ ਕਿਉਂਕਿ ਕਿਸਾਨ ਸਰਕਾਰੀ ਭਾਵਾਂ ਤੇ ਆਪਣੀ ਜਿਣਸ ਵੇਚਣ ਤੇ ਮਜਬੂਰ ਹੁੰਦਾ ਹੈ, ਇਸ ਲਈ ਹੋਏ ਨੁਕਸਾਨ ਨੂੰ ਪੂਰਾ ਕਰਨ ਦੀ ਜ਼ਿਮੇਵਾਰੀ ਸਰਕਾਰ ਤੇ ਆਂਦੀ ਹੈ। ਬੁਲਾਰਿਆਂ ਨੇ ਗਵਰਨਰੀ ਰਾਜ ਨੂੰ ਅਸਲ ਵਿਚ ਪੁਲਸੀ ਰਾਜ਼ ਦਸਿਆ, ਜਿਸ ਵਿਚ ਭਰਤੀ ਕਾਨੂੰਨ ਦੀਆਂ ਧਿੱਜੀਆਂ ਉਡਾਈਆਂ ਜਾ ਰਹੀਆਂ ਹਨ। ਅਤਿਵਾਦੀਆਂ ਨਾਲ ਨਿਪਟਣ ਦੇ ਬਹਾਨੇ ਲੋਕਾਂ ਤੇ ਅਕਹਿ ਜ਼ੁਲਮ ਢਾਏ ਜਾ ਰਹੇ ਹਨ। ਝੂਠੇ ਪੁਲਸ ਮੁਕਾਬਲੇ ਇਸ ਰਾਜ ਦਾ ਦਸਤੂਰ ਬਣਦੇ ਜਾ ਰਹੇ ਹਨ। ਲੋਕਾਂ ਨੂੰ ਕਿਹਾ ਗਿਆ ਕਿ ਉਹ ਫਿਰਕੂ ਸੋਚ ਤੋਂ ਉਤੇ ਉਠਕੇ ਇਸ ਜਬਰ ਦਾ ਮੁਕਾਬਲਾ ਕਰਨ। ਖਾਲਿਸਤਾਨ ਦੀ ਮੰਗ ਬਾਰੇ ਲੋਕਾਂ ਨੂੰ ਖਬਰਦਾਰ ਕੀਤਾ ਗਿਆ ਕਿ ਇਹ ਪੰਜਾਬ ਦੇ ਸਮੁੱਚੇ ਲੋਕਾਂ ਲਈ ਬੜੀ ਹਾਨੀਕਾਰਕ ਹੈ। ਪੰਜਾਬ ਦੇ ਮਸਲੇ ਦਾ ਜਮਹੂਰੀ ਹਲ ਹੋਣਾ ਚਾਹੀਦਾ ਹੈ। ਬੁਲਾਰਿਆਂ ਨੇ ਦਸਿਆ ਕਿ ਇਹ ਮਸਲਾ ਜਾਣ ਬੁਝਕੇ ਕਮਿਸ਼ਨਾਂ ਰਾਹੀਂ ਉਲਝਾਇਆ ਵੀ ਜਾ ਰਿਹਾ ਹੈ ਅਤੇ ਲਟਕਾਇਆ ਵੀ ਜਾ ਰਿਹਾ ਹੈ। ਲੋਕਾਂ ਨੂੰ ਚੋਰ ਸਿਆਸਤ ਜਿਸ ਵਿਚ ਪ੍ਰਧਾਨ ਮੰਤਰੀ ਤਕ ਚੋਰ ਸਾਬਤ ਹੋ ਚੁੱਕੇ ਹਨ ਅਤੇ ਇਨਕਲਾਬੀ ਸਿਆਸਤ ਦਾ ਫਰਕ ਸਮਝਾਇਆ ਗਿਆ ਅਤੇ ਉਹਨਾਂ ਨੂੰ ਇਨਕਲਾਬੀ ਸਿਆਸਤ ਅਪਣਾਉਣ ਲਈ ਪ੍ਰੇਰਿਆ ਗਿਆ ਤਾਂ ਜੋ ਇਸ ਲੁੱਟ ਦੇ ਰਾਜ ਨੂੰ ਖਤਮ ਕੀਤਾ ਜਾ ਸਕੇ।

ਇਹਨਾਂ ਪ੍ਰੋਗਰਾਮਾਂ ਉਤੇ ਲੋਕਾਂ ਵਲੋਂ ਮਿਲਿਆ ਹੁੰਗਾਰਾ ਕੇਂਦਰ ਦੇ ਵਰਕਰਾਂ ਨੂੰ ਇਕ ਨਵਾਂ ਵਿਸ਼ਵਾਸ਼ ਪ੍ਰਦਾਨ ਕਰਦਾ ਹੈ/ਵਿਸ਼ੇਸ਼ ਪਤ੍ਰ ਪ੍ਰੇਰਕ ਵਲੋਂ

## ਪੁਲਸੀ ਜਬਰ ਬਾਰੇ ਇਕ ਚਿੱਠੀ

ਸਾਥੀ ਜੀ ਅਸੀਂ ਆਪ ਨੂੰ ਪੰਜਾਬ ਪੁਲੀਸ ਦੀ ਉਸ ਕੋਝੀ ਕਾਰਵਾਈ ਤੋਂ ਜਾਣੂ ਕਰਵਾਉਣਾ ਚਾਹੁੰਦੇ ਹਾਂ ਜਿਹੜੀ ਕਿ ਚੋਹਲਾ ਸਾਹਿਬ ਨਾਟਕ ਕਲਾ ਕੇਂਦਰ ਦੀ ਟੀਮ ਨਾਲ ਵਾਪਰੀ। ਇਹ ਟੀਮ ਸ਼ਹੀਦ ਰਾਮਕਿਸ਼ਨ, ਇਕਬਾਲ ਅਤੇ ਸੋਹਣ ਲਾਲ ਦੇ ਸ਼ਹੀਦੀ ਸਮਾਗਮ ਤੇ ਮੰਗੂਵਾਲ ਵਿਖੇ ਨਾਟਕ ਖੇਡਣ ਗਈ ਸੀ ਜਦੋਂ ਰਾਤ ਨੂੰ ਪਰੋਗਰਾਮ ਦੇ ਕੇ ਇਹ ਟੀਮ 16-6-87 ਨੂੰ ਦਿਨੇ ਵਾਪਸ ਆ ਰਹੀ ਸੀ ਤਾਂ 11-45 ਦੇ ਕਰੀਬ ਇਸ ਟੀਮ ਦੇ ਕੁਲ 10 ਮੈਂਬਰਾਂ ਨੂੰ ਕਪੂਰਥਲਾ ਪੁਲੀਸ ਨੇ ਜਲੰਧਰ ਰੋਡ ਤੇ ਲਾਏ ਨਾਕੇ ਦੌਰਾਨ ਬੱਸ ਚੋਂ ਉਤਾਰ ਲਿਆ ਅਤੇ ਕਪੂਰ-ਥਲਾ ਦੇ ਥਾਣੇ ਵਿਚ ਲੈ ਆਂਦਾ ਸਾਨੂੰ ਥਾਣੇ ਲਿਆਉਣਾ ਤੇ ਉਹਨਾਂ ਸਾਡੇ ਨਾਂ ਪਤੇ ਪੁਛੇ ਅਤੇ ਹੋਰ ਤਫਤੀਸ਼ ਦਾ ਕੰਮ ਸ਼ੁਰੂ ਕਰ ਦਿੱਤਾ। ਸ਼ਾਮ 5 ਵਜੇ ਤਕ ਸਾਡੇ ਪਿੰਡਾਂ ਤੋਂ ਵਾਇਰਲੈਸ-ਰਾਹੀਂ ਇਹ ਪਤਾ ਲਾ ਲਿਆ ਗਿਆ ਸੀ ਕਿ ਸੱਚ ਹੀ ਨਾਟਕ ਟੀਮ ਦੇ ਮੈਂਬਰ ਹਨ ਅਤੇ ਪਿੰਡਾਂ ਵਿਚ ਚੰਗਾ ਚਾਲ ਚਲਣ ਹੈ ਪਰ ਇਹ ਪੁਲੀਸ ਆਪਣੀ ਕੋਝੀ ਹਰਕਤ ਕਰਨ ਤੋਂ ਬਾਜ ਨਾ ਆਈ ਸਾਨੂੰ 6 ਵਜੇ

Regd. with Registrar, News Paper Vide No. MA/12397-D dated 18.48.
Post Office No. P/AR—133

ਹਵਾਲਾਤ ਵਿਚ ਬੰਦ ਕਰ ਦਿਤਾ ਅਤੇ ਸਾਡੀ ਨਕਦੀ, ਘੜੀਆਂ ਅਤੇ ਨਾਟਕਾਂ ਦਾ ਹੋਰ ਸਮਾਨ ਆਪ ਰੱਖ ਲਿਆ ਸਾਡੀ ਰੋਟੀ ਦਾ ਕੋਈ ਵੀ ਪ੍ਰਬੰਧ ਪੁਲੀਸ ਨੇ ਨਾ ਕੀਤਾ ਸਗੋਂ ਸਾਡਾ 109 ਧਾਰਾ ਦੇ ਤਹਿਤ ਚਲਾਣ ਕਰ ਦਿਤਾ ਪਰਚੇ ਵਿਚ ਸਾਡੀ ਗਿਰਫਤਾਰੀ ਦਾ ਟਾਇਮ 11-25 ਰਾਤ ਦਾ ਦਿਤਾ ਹੈ ਅਤੇ ਸਥਾਨ ਪ੍ਰਾਈਵੇਟ ਸ਼ਾਲਾਮਾਰ ਬਾਗ ਦਾ ਦੱਸਿਆ ਹੈ ਜਦ ਕਿ ਅਸੀਂ ਅਜ ਤੱਕ ਉਹ ਬਾਗ ਦੇਖਿਆ ਵੀ ਨਹੀਂ ਕਿ ਕਿਥੇ ਹੈ। ਪਰਚੇ ਵਿਚ ਲਿਖਿਆ ਹੈ ਕਿ ਇਹ ਕੋਈ ਸੰਗੀਨ ਜੁਰਮ ਕਰਨ ਦੀ ਵਿਉਂਤ ਬਣਾ ਰਹੇ ਹਨ ਇਸਤੋਂ ਬਾਅਦ 17-6-87 ਨੂੰ ਜਦ ਸਾਡੇ ਪਿੰਡ ਚੋਹਲਾ ਸਾਹਿਬ ਪਤਾ ਲੱਗਿਆ ਤਾਂ ਉਥੋਂ ਸਰਪੰਚ ਅਤੇ ਪਿੰਡ ਦੇ ਹੋਰਨਾਂ ਆਦਮੀਆਂ ਆਣ ਕੇ ਸਾਡੀ ਜ਼ਮਾਨਤ ਦਿਤੀ ਅਤੇ ਸਾਨੂੰ ਸ਼ਾਮੀਂ 7 ਵਜੇ ਦੇ ਕਰੀਬ ਘਰ ਖੜਿਆ। ਇਸ ਤੋਂ ਬਾਅਦ ਐਸ. ਡੀ. ਐਮ. ਨੇ 19 ਤਰੀਕ ਦੇ ਦਿਤੀ। 19 ਤਾਰੀਕ ਦੇ ਬਾਦ ਹੁਣ 8-7-87 ਦੇ ਦਿਤੀ। ਇਹ ਹੁਣ 8-7-87 ਨੂੰ ਪਤਾ ਲਗੇਗਾ। ਇਸ ਗੁੰਡੀ ਸਰਕਾਰ ਦੀ ਅਦਾਲਤ ਲੋਕ ਪੱਖੀ ਸਾਹਿਤ ਅਤੇ ਕਲਾ ਨੂੰ ਦਬਾਉਣ ਲਈ ਕੀ ਕਦਮ ਚੁਕਦੀ ਹੈ ਪਰ ਅੱਗ ਕੱਖਾਂ ਨੂੰ ਸਾੜ ਕੇ ਤਾਂ ਸਵਾਹ ਕਰ ਸਕਦੀ ਹੈ ਜਦ ਲੋਹਾ ਅੱਗ ਵਿਚ ਪਾਇਆ ਜਾਂਦਾ ਹੈ ਤਾਂ ਫੌਲਾਦ ਬਣਕੇ ਨਿਕਲਦਾ ਹੈ।

ਸੋ ਸਾਥੀ ਜੀ ਪੁਲੀਸ ਦੀ ਇਸ ਮੰਦੀ ਹਰਕਤ ਦੀ ਨਿਖੇਧੀ ਕਰਦੇ ਹੋਏ ਚਾਰ ਅੱਖਰਾਂ ਨੂੰ ਆਪਣੇ ਪੇਪਰ ਵਿਚ ਜਗ੍ਹਾ ਦੇ ਦੇਣੀ।

ਆਪ ਦੇ ਦਸੇ ਕਦਮਾਂ ਤੇ ਚਲਦੇ ਸਾਥੀ ਸਮੂਹ ਮੈਂਬਰ, ਚੋਹਲਾ ਸਾਹਿਬ ਨਾਟਕ ਕਲਾ ਕੇਂਦਰ

## ਇਕ ਰੀਪੋਰਟ

### ਇਲਾਕਾ ਸਮਰਾਲਾ ਵਿਚ ਇਨਕਲਾਬੀ ਕੇਂਦਰ ਪੰਜਾਬ ਵਲੋਂ 9-11 ਜੂਨ ਕਾਨਫਰੰਸਾਂ, ਝੰਡਾ ਮਾਰਚ ਅਤੇ ਸਭਿਆਚਾਰਕ ਪ੍ਰੋਗਰਾਮ

ਇਨਕਲਾਬੀ ਸਿਆਸਤ ਦਾ ਸੁਨੇਹਾ ਘਰ ਘਰ ਪੁਚਾਣ ਲਈ ਇਨਕਲਾਬੀ ਕੇਂਦਰ ਪੰਜਾਬ ਦਾ ਸਮਰਾਲਾ ਇਲਾਕੇ ਦਾ ਯੂਨਿਟ ਹੋਂਦ ਵਿਚ ਆ ਗਿਆ ਹੈ। ਇਕ ਇਲਾਕਾ ਕਮੇਟੀ ਜਥੇਬੰਦ ਕੀਤੀ ਗਈ। ਇਸ ਇਲਾਕਾ ਕਮੇਟੀ ਵਲੋਂ 9 ਜੂਨ ਸਮਰਾਲਾ, 10 ਜੂਨ ਵੱਖ ਵੱਖ ਪਿੰਡਾਂ ਵਿੱਚ ਇਨਕਲਾਬੀ ਮਾਰਚ ਅਤੇ ਰਾਤ ਨੂੰ ਮਾਛੀਵਾੜਾ ਵਿਚ ਅਤੇ 11 ਜੂਨ ਖੁਮਾਣੋ ਵਿਖੇ ਕਾਨਫਰੰਸਾਂ ਕੀਤੀਆਂ ਗਈਆਂ। ਇਹਨਾਂ ਕਾਨਫਰੰਸਾਂ ਵਿਚ ਇਨਕਲਾਬੀ ਕੇਂਦਰ ਦੇ ਬੁਲਾਰਿਆਂ ਗੁਰਸ਼ਰਨ ਸਿੰਘ ਅਤੇ ਨਿਰਭਿੰਦਰ ਸਿੰਘ ਨੇ ਲੋਕਾਂ ਨੂੰ ਇਨਕਲਾਬੀ ਸਿਆਸਤ ਸਮਝਣ ਅਤੇ ਅਪਣਾਉਣ ਲਈ ਪ੍ਰੇਰਿਆ ਗਿਆ। ਵਿਸ਼ੇਸ਼ ਕਰਕੇ ਇਸ ਗੱਲ ਤੇ ਚਾਨਣ ਪਾਇਆ ਗਿਆ ਕਿ ਇਨਕਲਾਬ ਤੋਂ ਬਾਅਦ ਦੇਸ਼ ਦੇ ਦੱਬੇ ਕੁੱਚਲੇ ਲੋਕਾਂ ਦੀ ਮੁਕਤੀ ਕਿਸਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਕੀਤੀ ਜਾ ਸਕਦੀ ਹੈ। ਇਹਨਾਂ ਕਾਨਫਰੰਸਾਂ ਵਿਚ ਲੋਕਾਂ ਵਲੋਂ ਬੜਾ ਹੀ ਭਰਪੂਰ ਹੁੰਗਾਰਾ ਮਿਲਿਆ। ਲੋਕ ਕਲਾ ਮੰਚ ਮਾਛੀਵਾੜਾ ਨੇ ਇਹਨਾਂ ਕਾਨਫਰੰਸਾਂ ਤੇ ਇਨਕਲਾਬੀ ਨਾਟਕ ਪੇਸ਼ ਕੀਤੇ। ਆਉਣ ਵਾਲੇ ਸਮੇਂ ਵਿਚ ਇਲਾਕਾ ਕਮੇਟੀ ਵਲੋਂ ਹੋਰ ਸਮਾਗਮ ਵਿਉਂਤੇ ਗਏ ਹਨ।

ਵਲੋਂ ਇਲਾਕਾ ਕਮੇਟੀ ਇਨਕਲਾਬੀ ਕੇਂਦਰ, ਸਮਰਾਲਾ

### ਇਨਕਲਾਬੀ ਕੇਂਦਰ ਪੰਜਾਬ ਵਲੋਂ ਕਾ: ਅਵਤਾਰ ਸਿੰਘ ਢੁੱਡੀਕੇ ਦੇ ਚੌਥੇ ਸ਼ਹੀਦੀ ਦਿਹਾੜੇ 25 ਜੁਲਾਈ 1987 ਨੂੰ ਪਿੰਡ ਢੁੱਡੀਕੇ ਤਹਿਸੀਲ ਮੋਗਾ ਵਿਖੇ ਸ਼ਹੀਦੀ ਕਾਨਫਰੰਸ

ਸ਼ਹੀਦ ਕਾ: ਅਵਤਾਰ ਸਿੰਘ ਢੁੱਡੀਕੇ ਨੂੰ 25 ਜੁਲਾਈ 1983 ਨੂੰ ਕੁੱਝ ਗੁੰਡਿਆਂ ਨੇ ਕੋਕਰੀ ਨੇੜੇ ਸ਼ਹੀਦ ਕਰ ਦਿੱਤਾ ਸੀ। ਪਿਛਾਖੜੀ ਅਤੇ ਨਿਘਰੇ ਸਮਾਜ ਨੂੰ ਬਦਲਣ ਲਈ ਅਤੇ ਨਵੇਂ ਨਰੋਏ ਸਮਾਜ ਦੀ ਸਿਰਜਨਾ ਦੇ ਕਾਰਜ 'ਚ ਜੁੱਟੇ ਇਸ ਯੋਧੇ ਦੀ ਯਾਦ 'ਚ **ਇਨਕਲਾਬੀ ਕੇਂਦਰ ਪੰਜਾਬ ਦੀ ਇਲਾਕਾ ਕਮੇਟੀ ਮੋਗਾ** ਵਲੋਂ ਵਿਸ਼ਾਲ ਸ਼ਹੀਦੀ ਕਾਨਫਰੰਸ ਕੀਤੀ ਜਾ ਰਹੀ ਹੈ। ਇਹ ਪ੍ਰੋਗਰਾਮ ਤਿੰਨਾਂ ਸ਼ਹੀਦਾਂ ਦੀ—ਸ਼ਹੀਦ ਪ੍ਰਿਥੀਪਾਲ ਰੰਧਾਵਾ—ਸ਼ਹੀਦ ਬਲਦੇਵ ਸਿੰਘ ਮਾਨ ਅਤੇ ਸ਼ਹੀਦ ਅਵਤਾਰ ਸਿੰਘ ਢੁੱਡੀਕੇ—ਯਾਦ ਨੂੰ ਸਮਰਪਤ ਹੋਵੇਗਾ। ਦਿਨੇ 12 ਵਜੇ ਤੋਂ 4 ਵਜੇ ਤਕ ਕਾਨਫਰੰਸ ਹੋਵੇਗੀ ਜਿਸ ਨੂੰ ਕੇਂਦਰ ਦੇ ਸੂਬਾਈ ਆਗੂ ਸੰਬੋਧਨ ਕਰਨਗੇ ਪੰਜਾਬ ਦੇ ਸਮੂਹ ਇਨਕਲਾਬੀਆਂ ਨੂੰ ਇਸ ਕਾਨਫਰੰਸ ਵਿਚ ਪੂਰੀਆਂ ਤਿਆਰੀਆ ਨਾਲ ਪਹੁੰਚਣ ਦਾ ਸੱਦਾ ਹੈ। 11 ਵਜੇ ਅਜਿੱਤਵਾਲ ਤੋਂ ਇਨਕਲਾਬੀ ਕਾਫਲਾ ਚਲੇਗਾ ਅਤੇ ਪੰਡਾਲ ਵਿਚ ਪਹੁੰਚੇਗਾ। 4 ਵਜੇ ਤੋਂ ਬਾਹਰ ਪਿੰਡ ਵਿਚ ਮੁਜ਼ਾਹਰਾ ਕੀਤਾ ਜਾਵੇਗਾ। ਰਾਤ ਨੂੰ ਪਿੰਡ ਵਿਚ ਸਭਿਆਚਾਰਕ ਪ੍ਰੋਗਰਾਮ ਹੋਵੇਗਾ। ਬਾਹਰੋਂ ਆਉਣ ਵਾਲੇ ਸਾਰੇ ਸਾਥੀ 11 ਵਜੇ ਤੱਕ ਅਜਿੱਤਵਾਲ ਅੱਡੇ ਤੇ ਪਹੁੰਚ ਜਾਣ। ਨੋਟ : ਅਜਿੱਤਵਾਲ ਮੋਗਾ ਲੁਧਿਆਣਾ ਸੜਕ ਤੇ ਸਥਿਤ ਹੈ।

ਵਲੋਂ—ਇਨਕਲਾਬੀ ਕੇਂਦਰ ਪੰਜਾਬ ਇਲਾਕਾ ਕਮੇਟੀ ਮੋਗਾ